



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Friday 10 April, 2026 | website: www.cee7news.com

## ਪੰਜਾਬ ਕੈਬਨਿਟ ਮੀਟਿੰਗ: 11 ਅਪਰੈਲ ਨੂੰ ਸੱਦੀ ਗਈ ਬੈਠਕ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 11 ਅਪਰੈਲ 2026 ਨੂੰ ਸ਼ਨੀਵਾਰ ਦਿਨ ਮੰਤਰੀ ਮੰਡਲ ਦੀ ਇੱਕ ਅਹਿਮ ਮੀਟਿੰਗ ਸੱਦੀ ਗਈ ਹੈ। ਇਹ ਬੈਠਕ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਉੱਤੇ ਬਾਅਦ ਦੁਪਹਿਰ ਤਿੰਨ ਵਜੇ ਹੋਵੇਗੀ। ਇਸ ਮੀਟਿੰਗ ਲਈ ਏਜੰਡਾ ਅਜੇ ਤੱਕ ਰਸਮੀ ਤੌਰ ਤੇ ਜਾਰੀ ਨਹੀਂ ਕੀਤਾ ਗਿਆ ਹੈ ਪਰ ਬਾਅਦ ਵਿੱਚ ਇਸ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ।ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਬੈਠਕ ਵਿੱਚ ਬੇਅਦਬੀ ਰੋਕਥਾਮ ਨਾਲ ਸਬੰਧਤ ਕਾਨੂੰਨ ਲਿਆਉਣ ਬਾਰੇ ਕੁਝ ਮਹੱਤਵਪੂਰਨ ਫੈਸਲੇ ਲਏ ਜਾ ਸਕਦੇ ਹਨ। ਖਾਸ ਤੌਰ ਤੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008 ਵਿੱਚ ਸੋਧਾਂ ਲਿਆਉਣ ਦਾ ਮਾਮਲਾ ਚਰਚਾ ਵਿੱਚ ਆ ਸਕਦਾ ਹੈ। ਇਸ ਲਈ 13 ਅਪਰੈਲ ਨੂੰ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਵੀ ਬੁਲਾਇਆ ਗਿਆ ਹੈ ਜਿਸ ਵਿੱਚ ਇਸ ਬਿੱਲ ਨੂੰ ਪਾਸ ਕਰਵਾਉਣ ਦੀ ਤਿਆਰੀ ਹੈ।ਪੰਜਾਬ ਸਰਕਾਰ ਵੱਲੋਂ ਇਸ ਮੀਟਿੰਗ ਨੂੰ ਬਹੁਤ ਮਹੱਤਵ ਦਿੱਤਾ ਜਾ ਰਿਹਾ ਹੈ ਕਿਉਂਕਿ ਇਹ ਵਿਸ਼ੇਸ਼ ਸੈਸ਼ਨ ਤੋਂ ਠੀਕ ਪਹਿਲਾਂ ਬੁਲਾਈ ਗਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਇਸ ਮੌਕੇ ਤੇ ਧਾਰਮਿਕ ਭਾਵਨਾਵਾਂ ਨਾਲ ਜੁੜੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਚਨਬੱਧ ਨਜ਼ਰ ਆ ਰਹੀ ਹੈ। ਬੇਅਦਬੀ ਵਰਗੀਆਂ ਘਟਨਾਵਾਂ ਰੋਕਣ ਲਈ ਸਖ਼ਤ ਕਾਨੂੰਨੀ ਪ੍ਰਬੰਧ ਕਰਨਾ ਸਰਕਾਰ ਦੀ ਤਰਜੀਹ ਵਿੱਚ ਸ਼ਾਮਲ ਹੈ।

## ਪੰਜਾਬ ਵਿੱਚ ਇਸ ਵਾਰ ਵੀ ਮੌਸਮ ਨੇ ਖੇਤੀਬਾੜੀ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ



ਪੰਜਾਬ ਵਿੱਚ ਇਸ ਵਾਰ ਵੀ ਮੌਸਮ ਨੇ ਖੇਤੀਬਾੜੀ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਹਾਲ ਹੀ ਵਿੱਚ ਵਰ੍ਹੀ ਭਾਰੀ ਮੀਂਹ ਅਤੇ ਗੜ੍ਹੇਮਾਰੀ ਨਾਲ ਰਬੀ ਫਸਲਾਂ ਖਾਸ ਕਰਕੇ ਗੰਦਮ ਤਬਾਹ ਹੋ ਗਈਆਂ ਹਨ। ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਦੇ ਸੱਤ ਜ਼ਿਲ੍ਹਿਆਂ ਵਿੱਚ ਲਗਭਗ ਇੱਕ ਲੱਖ ਤੀਹ ਹਜ਼ਾਰ ਏਕੜ ਤੋਂ ਵੱਧ ਫਸਲਾਂ ਨੂੰ ਗੰਭੀਰ ਨੁਕਸਾਨ ਹੋਇਆ ਹੈ। ਇਸ ਵਿਚ ਫਾਜ਼ਿਲਕਾ ਵਿੱਚ ੪੫ ਹਜ਼ਾਰ ਏਕੜ, ਮੁਕਤਸਰ ਵਿੱਚ ੪੩ ਹਜ਼ਾਰ ਏਕੜ ਅਤੇ ਬਠਿੰਡਾ ਵਿੱਚ ੨੦ ਹਜ਼ਾਰ ਏਕੜ ਗੰਦਮ ਤਬਾਹ ਹੋਈ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ, ਮਾਨਸਾ, ਫਿਰੋਜ਼ਪੁਰ ਅਤੇ ਮੋਗਾ ਵਿੱਚ ਵੀ ਫਸਲਾਂ ਨੂੰ ਭਾਰੀ ਨੁਕਸਾਨ ਹੋਇਆ ਹੈ।ਖੁੱਡੀਆਂ ਨੇ ਇਸ ਤਬਾਹੀ ਤੋਂ ਬਾਅਦ ਤੁਰੰਤ ਕਾਰਵਾਈ ਕੀਤੀ ਅਤੇ ਖੇਤੀਬਾੜੀ ਵਿਭਾਗ ਦੇ ਪੰਜ ਸੌ ਤੋਂ ਵੱਧ ਅਧਿਕਾਰੀਆਂ ਨੂੰ ਪ੍ਰਭਾਵਿਤ ਇਲਾਕਿਆਂ ਵਿੱਚ ਤਾਇਨਾਤ ਕੀਤਾ ਹੈ। ਇਨ੍ਹਾਂ ਵਿੱਚ ੧੪੫ ਗਰੁੱਪ ਏ ਅਧਿਕਾਰੀ ਵੀ ਸ਼ਾਮਲ ਹਨ ਜੋ ਰੈਵੇਨਿਊ ਵਿਭਾਗ ਨਾਲ ਮਿਲ ਕੇ ਸਪੈਸ਼ਲ ਗਿਰਦਾਵਰੀ ਕਰ ਰਹੇ ਹਨ। ਇਸ ਗਿਰਦਾਵਰੀ ਦਾ ਉਦੇਸ਼ ਫਸਲਾਂ ਦੇ ਨੁਕਸਾਨ ਦਾ ਸਹੀ ਅੰਕੜਾ ਲੈਣਾ ਹੈ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਮਿਲ ਸਕੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ।ਖੁੱਡੀਆਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਇੱਕ ਉੱਚ ਪੱਧਰੀ ਟੀਮ ਭੇਜ ਕੇ ਨੁਕਸਾਨ ਦਾ ਜਾਇਜ਼ਾ ਲਿਆ ਜਾਵੇ ਅਤੇ ਪੰਜਾਬ ਨੂੰ ਤੁਰੰਤ ਰਾਹਤ ਪੈਕੇਜ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਮੌਸਮੀ ਤਬਾਹੀ ਨਾਲ ਗੰਦਮ ਦੀ ਬੰਪਰ ਫਸਲ ਦੀ ਉਮੀਦ ਧਰਾਸਾਈ ਹੋ ਗਈ ਹੈ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਫਸਲਾਂ ਦਾ ਨੁਕਸਾਨ ੯੦ ਫੀਸਦੀ ਤੱਕ ਪਹੁੰਚ ਗਿਆ ਹੈ ਜਿਸ ਕਾਰਨ ਕਈ ਥਾਵਾਂ ਤੇ ਕਿਸਾਨ ਪੂਰੀ ਤਰ੍ਹਾਂ ਬਰਬਾਦ ਹੋ ਗਏ ਹਨ।ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਪਿਛਲੇ ਕੁਝ ਸਾਲਾਂ ਵਿੱਚ ਵੀ ਅਚਾਨਕ ਮੀਂਹ ਅਤੇ ਗੜ੍ਹੇਮਾਰੀ ਨੇ ਖੇਤੀ ਨੂੰ ਭਾਰੀ ਝਟਕਾ ਦਿੱਤਾ ਹੈ। ਇਸ ਵਾਰ ਵੀ ਅੰਮ੍ਰਿਤਸਰ, ਤਰਨ ਤਾਰਨ, ਬਠਿੰਡਾ, ਮੁਕਤਸਰ ਸਾਹਿਬ ਆਦਿ ਇਲਾਕਿਆਂ ਵਿੱਚ ਕਿਸਾਨਾਂ ਨੇ ਆਪਣੀਆਂ ਫਸਲਾਂ ਨੂੰ ਤਬਾਹ ਹੁੰਦਿਆਂ ਦੇਖਿਆ। ਇੱਕ ਕਿਸਾਨ ਨੇ ਦੱਸਿਆ ਕਿ ਉਸ ਦੇ ਖੇਤ ਵਿੱਚ ੧੦੦ ਫੀਸਦੀ ਨੁਕਸਾਨ ਹੋ ਗਿਆ ਹੈ ਅਤੇ ਉਸ ਨੂੰ ਘਰ ਚਲਾਉਣ ਲਈ ਵੀ ਮੁਸ਼ਕਲ ਹੋ ਰਹੀ ਹੈ। ਵਿਰੋਧੀ ਧਿਰਾਂ ਵੀ ਇਸ ਮੁੱਦੇ ਤੇ ਸਰਕਾਰ ਤੋਂ ਜਲਦੀ ਰਾਹਤ ਮੰਗ ਰਹੀਆਂ ਹਨ।

# Cee7 News ਵਾਧੇ ਕਾਰਨ ਵਿਜ਼ਿਟ, ਸਟੱਡੀ ਅਤੇ ਵਰਕ ਵੀਜ਼ਾ ਲੈਣ ਵਾਲੇ ਹਜ਼ਾਰਾਂ ਭਾਰਤੀ ਬਿਨੈਕਾਰਾਂ ਉੱਤੇ ਵਿੱਤੀ ਬੋਝ ਵਧ ਜਾਵੇਗਾ।

## ਯੂਨਾਈਟਿਡ ਕਿੰਗਡਮ (ਯੂਕੇ) ਨੇ ਆਪਣੀਆਂ ਵੀਜ਼ਾ ਫੀਸਾਂ ਵਿੱਚ ਇੱਕ ਵੱਡਾ ਵਾਧਾ ਕਰ ਦਿੱਤਾ ਹੈ।

ਯੂਨਾਈਟਿਡ ਕਿੰਗਡਮ (ਯੂਕੇ) ਨੇ ਆਪਣੀਆਂ ਵੀਜ਼ਾ ਫੀਸਾਂ ਵਿੱਚ ਇੱਕ ਵੱਡਾ ਵਾਧਾ ਕਰ ਦਿੱਤਾ ਹੈ। ਇਹ ਨਵੀਆਂ ਫੀਸਾਂ 8 ਅਪ੍ਰੈਲ 2026 ਤੋਂ ਲਾਗੂ ਹੋ ਗਈਆਂ ਹਨ। ਇਸ ਵਾਧੇ ਕਾਰਨ ਵਿਜ਼ਿਟ, ਸਟੱਡੀ ਅਤੇ ਵਰਕ ਵੀਜ਼ਾ ਲੈਣ ਵਾਲੇ ਹਜ਼ਾਰਾਂ ਭਾਰਤੀ ਬਿਨੈਕਾਰਾਂ ਉੱਤੇ ਵਿੱਤੀ ਬੋਝ ਵਧ ਜਾਵੇਗਾ। ਭਾਰਤ ਯੂਕੇ ਲਈ ਵਿਦਿਆਰਥੀਆਂ ਅਤੇ ਹੁਨਰਮੰਦ ਪੇਸ਼ੇਵਰਾਂ ਦਾ ਇੱਕ ਵੱਡਾ ਸਰੋਤ ਰਿਹਾ ਹੈ। ਇਸ ਲਈ ਇਸ ਫੈਸਲੇ ਦਾ ਸਿੱਧਾ ਅਸਰ ਪੰਜਾਬ ਸਮੇਤ ਪੂਰੇ ਭਾਰਤ ਉੱਤੇ ਪਵੇਗਾ।

ਯੂਕੇ ਹੋਮ ਆਫਿਸ ਵੱਲੋਂ ਜਾਰੀ ਕੀਤੀ ਗਈ ਨਵੀਂ ਲਿਸਟ ਅਨੁਸਾਰ ਛੋਟੇ ਸਮੇਂ ਦੇ ਵਿਜ਼ਿਟ ਵੀਜ਼ਾ (ਛੇ ਮਹੀਨਿਆਂ ਤੱਕ) ਦੀ ਫੀਸ 127 ਪੌਂਡ ਤੋਂ ਵਧ ਕੇ 135 ਪੌਂਡ ਹੋ ਗਈ ਹੈ। ਇਸ ਵਿੱਚ 8 ਪੌਂਡ ਦਾ ਵਾਧਾ ਹੋਇਆ ਹੈ। ਲੰਬੀ ਮਿਆਦ ਵਾਲੇ ਵੀਜ਼ਿਆਂ ਵਿੱਚ ਵੀ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਦੋ ਸਾਲਾਂ ਵਾਲਾ ਵੀਜ਼ਾ 475 ਪੌਂਡ ਤੋਂ ਵਧ ਕੇ 506 ਪੌਂਡ ਹੋ ਗਿਆ ਹੈ। ਪੰਜ ਸਾਲਾਂ ਵਾਲਾ ਵੀਜ਼ਾ 848 ਪੌਂਡ ਤੋਂ 903 ਪੌਂਡ ਅਤੇ ਦਸ ਸਾਲਾਂ ਵਾਲਾ ਵੀਜ਼ਾ 1059 ਪੌਂਡ ਤੋਂ ਵਧ ਕੇ 1128 ਪੌਂਡ ਹੋ ਗਿਆ ਹੈ। ਇਸ ਤਰ੍ਹਾਂ ਲੰਬੀ ਮਿਆਦ ਵਾਲੇ ਵੀਜ਼ਿਆਂ ਵਿੱਚ 31 ਤੋਂ 69 ਪੌਂਡ ਤੱਕ ਵਾਧਾ ਹੋਇਆ ਹੈ।

ਸਟੱਡੀ ਵੀਜ਼ਾ ਲੈਣ ਵਾਲੇ ਵਿਦਿਆਰਥੀਆਂ ਲਈ ਵੀ ਫੀਸ ਵਧ ਗਈ ਹੈ। ਪਹਿਲਾਂ ਇਹ 524 ਪੌਂਡ ਸੀ ਜੋ ਹੁਣ 558 ਪੌਂਡ ਹੋ ਗਈ ਹੈ। ਇਸ ਵਿੱਚ 34 ਪੌਂਡ ਦਾ ਵਾਧਾ ਹੋਇਆ ਹੈ। ਸਕਿਲਡ ਵਰਕਰ ਵੀਜ਼ਾ (ਤਿੰਨ ਸਾਲਾਂ ਤੱਕ) ਦੀ ਫੀਸ 769 ਪੌਂਡ ਤੋਂ ਵਧ ਕੇ 819 ਪੌਂਡ ਹੋ ਗਈ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤੀਆਂ ਸ਼੍ਰੇਣੀਆਂ ਵਿੱਚ ਫੀਸਾਂ ਵਧਾਈਆਂ ਗਈਆਂ ਹਨ। ਯੂਕੇ ਸਰਕਾਰ ਵੱਲੋਂ ਇਸ ਵਾਧੇ ਨੂੰ ਲਗਭਗ 6 ਤੋਂ 7 ਫੀਸਦੀ ਦੱਸਿਆ ਗਿਆ ਹੈ।

ਯੂਕੇ ਹੋਮ ਆਫਿਸ ਅਤੇ ਬ੍ਰਿਟਿਸ਼ ਹਾਈ ਕਮਿਸ਼ਨ ਇੰਡੀਆ ਨੇ ਇਸ ਬਦਲਾਅ ਨੂੰ ਇੱਕ ਵਧੇਰੇ ਸੁਚਾਰੂ ਅਤੇ ਡਿਜੀਟਲ ਇਮੀਗ੍ਰੇਸ਼ਨ ਪ੍ਰਣਾਲੀ ਬਣਾਉਣ ਦਾ ਹਿੱਸਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇੱਕ ਮਜ਼ਬੂਤ, ਸੁਰੱਖਿਅਤ ਅਤੇ ਕੁਸ਼ਲ ਸੇਵਾ ਪ੍ਰਦਾਨ ਕੀਤੀ ਜਾ ਸਕੇਗੀ। ਬ੍ਰਿਟਿਸ਼ ਹਾਈ ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਬਦਲਾਅ ਇੱਕ ਵਧੇਰੇ ਸੁਚਾਰੂ ਡਿਜੀਟਲ ਇਮੀਗ੍ਰੇਸ਼ਨ ਪ੍ਰਣਾਲੀ ਬਣਾਉਣ ਦੇ ਯਤਨਾਂ ਦਾ ਹਿੱਸਾ ਹਨ। ਅਸੀਂ ਆਪਣੇ ਤਿੰਨ ਹਫ਼ਤਿਆਂ ਦੇ ਸਟੈਂਡਰਡ ਅਨੁਸਾਰ ਜ਼ਿਆਦਾਤਰ ਵੀਜ਼ੇ ਜਾਰੀ ਕਰਨਾ ਜਾਰੀ ਰੱਖਾਂਗੇ।" ਉਨ੍ਹਾਂ ਇਹ ਵੀ ਯਕੀਨੀ ਬਣਾਇਆ ਹੈ ਕਿ ਵੀਜ਼ਾ ਅਪਲਾਈ ਕਰਨ ਵਾਲਿਆਂ ਲਈ ਕੋਈ ਕੈਪ ਨਹੀਂ ਲਾਇਆ ਗਿਆ ਹੈ। ਪਰ ਭਾਰਤੀ ਬਿਨੈਕਾਰਾਂ ਲਈ ਇਹ ਖਬਰ ਚਿੰਤਾਜਨਕ ਹੈ।




ਪੰਜਾਬ ਤੋਂ ਬਹੁਤ ਸਾਰੇ ਵਿਦਿਆਰਥੀ ਅਤੇ ਨੌਜਵਾਨ ਯੂਕੇ ਵਿੱਚ ਪੜ੍ਹਾਈ ਅਤੇ ਨੌਕਰੀ ਲਈ ਜਾਂਦੇ ਹਨ। ਰੁਪਏ ਵਰਗੀ ਮੁਦਰਾ ਦੇ ਉਤਾਰ-ਚੜ੍ਹਾਅ ਅਤੇ ਵਿਦੇਸ਼ੀ ਖਰਚਿਆਂ ਨਾਲ ਪਹਿਲਾਂ ਹੀ ਉਨ੍ਹਾਂ ਉੱਤੇ ਬੋਝ ਹੈ। ਇਸ ਵਾਧੇ ਨਾਲ ਉਨ੍ਹਾਂ ਲਈ ਯੂਕੇ ਜਾਣਾ ਹੋਰ ਵੀ ਮਹਿੰਗਾ ਹੋ ਜਾਵੇਗਾ। ਇੱਕ ਔਸਤ ਭਾਰਤੀ ਵਿਦਿਆਰਥੀ ਲਈ ਵੀਜ਼ਾ ਫੀਸ ਵਧਣ ਨਾਲ ਕੁੱਲ ਖਰਚ ਵਿੱਚ ਹਜ਼ਾਰਾਂ ਰੁਪਏ ਦਾ ਵਾਧਾ ਹੋ ਸਕਦਾ ਹੈ। ਇਸ ਤੋਂ ਇਲਾਵਾ ਲਿਵਿੰਗ ਕਾਸਟ, ਟਿਊਸ਼ਨ ਫੀਸ ਅਤੇ ਹੋਰ ਖਰਚੇ ਵੀ ਵਧ ਰਹੇ ਹਨ।ਇਸ ਵਾਧੇ ਤੋਂ ਪਹਿਲਾਂ ਵੀਜ਼ਾ ਅਪਲਾਈ ਕਰਨ ਵਾਲਿਆਂ ਨੂੰ ਫਾਇਦਾ ਹੋ ਸਕਦਾ ਹੈ ਕਿਉਂਕਿ ਪੁਰਾਣੀਆਂ ਫੀਸਾਂ ਘੱਟ ਹਨ। ਬਹੁਤ ਸਾਰੇ ਐਜੂਕੇਸ਼ਨ ਕੰਸਲਟੈਂਟਸ ਅਤੇ ਇਮੀਗ੍ਰੇਸ਼ਨ ਐਕਸਪਰਟਸ ਸਲਾਹ ਦੇ ਰਹੇ ਹਨ ਕਿ ਜੇਕਰ ਤੁਹਾਡੀ ਯੋਜਨਾ ਤਿਆਰ ਹੈ ਤਾਂ ਜਲਦੀ ਅਪਲਾਈ ਕਰੋ। ਯੂਕੇ ਸਰਕਾਰ ਵੱਲੋਂ ਇਹ ਵਾਧਾ ਆਮ ਤੌਰ ਉੱਤੇ ਹਰ ਸਾਲ ਹੁੰਦਾ ਰਿਹਾ ਹੈ ਪਰ ਇਸ ਵਾਰ ਵੀ ਇਹ ਇੱਕ ਆਮ ਵਾਧਾ ਹੈ ਜੋ ਲਗਭਗ 6-7 ਫੀਸਦੀ ਹੈ।ਭਾਰਤੀ ਵਿਦਿਆਰਥੀਆਂ ਲਈ ਯੂਕੇ ਅਜੇ ਵੀ ਇੱਕ ਆਕਰਸ਼ਕ ਗੰਤਵਿਆ ਹੈ ਕਿਉਂਕਿ ਉੱਥੇ ਚੰਗੀਆਂ ਯੂਨੀਵਰਸਿਟੀਆਂ ਹਨ ਅਤੇ ਗ੍ਰੈਜੂਏਟ ਰੂਟ ਵਰਗੀਆਂ ਯੋਜਨਾਵਾਂ ਹਨ

# Cee7 News ਇਜ਼ਰਾਈਲੀ ਹਮਲਿਆਂ ਵਿੱਚ ਲੈਬਨਾਨ ਵਿੱਚ ਇੱਕ ਦਿਨ ਵਿੱਚ 254 ਮੌਤਾਂ

## ਲੈਬਨਾਨੀ ਸਿਵਲ ਡਿਫੈਂਸ ਨੇ ਦੱਸਿਆ ਕਿ ਇਸ ਇੱਕ ਦਿਨ ਵਿੱਚ ਹੀ 254 ਲੋਕ ਮਾਰੇ ਗਏ ਅਤੇ 1165 ਤੋਂ ਵੱਧ ਜ਼ਖਮੀ ਹੋਏ। ਇਹ ਅੰਕੜੇ ਲੈਬਨਾਨੀ ਸਿਹਤ ਮੰਤਰਾਲੇ ਅਤੇ ਸਿਵਲ ਡਿਫੈਂਸ ਵੱਲੋਂ ਜਾਰੀ ਕੀਤੇ

**ਲੈਬਨਾਨ** ਲੈਬਨਾਨ ਵਿੱਚ ਇਜ਼ਰਾਈਲੀ ਹਵਾਈ ਹਮਲਿਆਂ ਨੇ ਬੁੱਧਵਾਰ ਨੂੰ ਇੱਕ ਭਿਆਨਕ ਰੂਪ ਧਾਰ ਲਿਆ। ਲੈਬਨਾਨੀ ਸਿਵਲ ਡਿਫੈਂਸ ਨੇ ਦੱਸਿਆ ਕਿ ਇਸ ਇੱਕ ਦਿਨ ਵਿੱਚ ਹੀ 254 ਲੋਕ ਮਾਰੇ ਗਏ ਅਤੇ 1165 ਤੋਂ ਵੱਧ ਜ਼ਖਮੀ ਹੋਏ। ਇਹ ਅੰਕੜੇ ਲੈਬਨਾਨੀ ਸਿਹਤ ਮੰਤਰਾਲੇ ਅਤੇ ਸਿਵਲ ਡਿਫੈਂਸ ਵੱਲੋਂ ਜਾਰੀ ਕੀਤੇ ਗਏ ਹਨ। ਇਸ ਹਮਲੇ ਨੂੰ ਇਜ਼ਰਾਈਲ ਵੱਲੋਂ ਲੈਬਨਾਨ ਉੱਤੇ ਕੀਤਾ ਗਿਆ ਸਭ ਤੋਂ ਵੱਡਾ ਹਮਲਾ ਮੰਨਿਆ ਜਾ ਰਿਹਾ ਹੈ। ਹਮਲੇ ਬੀਰੂਤ, ਬੇਕਾ ਘਾਟੀ, ਮਾਊਂਟ ਲੈਬਨਾਨ, ਸੀਡੋਨ ਅਤੇ ਦੱਖਣੀ ਲੈਬਨਾਨ ਦੇ ਕਈ ਪਿੰਡਾਂ ਵਿੱਚ ਇੱਕੋ ਵਾਰ ਹੋਏ।ਇਸ ਘਟਨਾ ਤੋਂ ਬਾਅਦ ਲੈਬਨਾਨ ਸਰਕਾਰ ਨੇ ਇੱਕ ਦਿਨ ਦਾ ਰਾਸ਼ਟਰੀ ਸੋਗ ਘੋਸ਼ਿਤ ਕਰ ਦਿੱਤਾ ਹੈ। ਲੋਕਾਂ ਵਿੱਚ ਗੁੱਸਾ ਅਤੇ ਦੁਖ ਵਧ ਗਿਆ ਹੈ। ਹਸਪਤਾਲਾਂ ਵਿੱਚ ਜ਼ਖਮੀਆਂ ਦੀ ਭੀੜ ਲੱਗੀ ਹੋਈ ਹੈ ਅਤੇ ਸਿਹਤ ਵਿਭਾਗ ਤਣਾਅ ਵਿੱਚ ਆ ਗਿਆ ਹੈ। ਬਹੁਤ ਸਾਰੇ ਘਰ ਤਬਾਹ ਹੋ ਗਏ ਹਨ ਅਤੇ ਲੋਕ ਆਪਣੇ ਘਰ ਛੱਡ ਕੇ ਭੱਜ ਰਹੇ ਹਨ। ਇਸ ਹਮਲੇ ਨਾਲ ਲੈਬਨਾਨ ਵਿੱਚ ਮੌਜੂਦਾ ਤਣਾਅ ਇੱਕ ਨਵੀਂ ਉਚਾਈ ਤੱਕ ਪਹੁੰਚ ਗਿਆ ਹੈ।ਇਸ ਘਟਨਾ ਦਾ ਪਿਛੋਕੜ ਇਜ਼ਰਾਈਲ ਅਤੇ ਹਿਜ਼ਬੁੱਲਾਹ ਵਿਚਾਲੇ ਚੱਲ ਰਹੀ ਲੜਾਈ ਨਾਲ ਜੁੜਿਆ ਹੋਇਆ ਹੈ। ਲੈਬਨਾਨ ਵਿੱਚ ਹਿਜ਼ਬੁੱਲਾਹ ਇੱਕ ਮਜ਼ਬੂਤ ਸਮੂਹ ਹੈ ਜੋ ਇਜ਼ਰਾਈਲ ਵਿਰੋਧੀ ਹੈ। ਇਸ ਤੋਂ ਪਹਿਲਾਂ ਵੀ ਇਜ਼ਰਾਈਲ ਨੇ ਲੈਬਨਾਨ ਉੱਤੇ ਕਈ ਹਮਲੇ ਕੀਤੇ ਹਨ ਪਰ ਇਸ ਵਾਰ ਦਾ ਹਮਲਾ ਬਹੁਤ ਵੱਡਾ ਅਤੇ ਇੱਕੋ ਦਿਨ ਵਿੱਚ ਹੋਇਆ। ਰਿਪੋਰਟਾਂ ਅਨੁਸਾਰ ਇਹ ਹਮਲੇ ਅਮਰੀਕਾ ਅਤੇ ਇਰਾਨ ਵਿਚਾਲੇ



ਇਜ਼ਰਾਈਲੀ ਹਮਲਿਆਂ ਵਿੱਚ ਲੈਬਨਾਨ ਵਿੱਚ ਇੱਕ ਦਿਨ ਵਿੱਚ 254 ਮੌਤਾਂ

ਸੀਜ਼ਫਾਇਰ ਘੋਸ਼ਿਤ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੋਏ। ਇਸ ਨਾਲ ਖੇਤਰ ਵਿੱਚ ਤਣਾਅ ਹੋਰ ਵਧ ਗਿਆ ਹੈ। ਇਜ਼ਰਾਈਲੀ ਫੌਜ ਨੇ ਇਸ ਬਾਰੇ ਕੋਈ ਵਿਸਥਾਰ ਨਾਲ ਟਿੱਪਣੀ ਨਹੀਂ ਕੀਤੀ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੀ ਸੁਰੱਖਿਆ ਲਈ ਲੈਬਨਾਨ ਵਿੱਚ ਹਿਜ਼ਬੁੱਲਾਹ ਦੇ ਟਿਕਾਣਿਆਂ ਉੱਤੇ ਹਮਲੇ ਕਰ ਰਹੇ ਹਨ। ਇਸ ਤੋਂ ਉਲਟ ਲੈਬਨਾਨੀ ਅਧਿਕਾਰੀਆਂ ਅਤੇ ਹਿਜ਼ਬੁੱਲਾਹ ਨੇ ਇਸ ਨੂੰ ਬੇਰਹਿਮੀ ਵਾਲਾ ਹਮਲਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਬੀਰੂਤ ਵਿੱਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਅਤੇ ਰਿਹਾਇਸ਼ੀ ਇਲਾਕਿਆਂ ਵਿੱਚ ਬੰਬ ਡਿੱਗੇ ਹਨ।

ਲੈਬਨਾਨੀ ਸਿਵਲ ਡਿਫੈਂਸ ਨੇ ਦੱਸਿਆ ਕਿ ਉਨ੍ਹਾਂ ਦੀਆਂ ਟੀਮਾਂ ਲਗਾਤਾਰ ਰਾਤ ਭਰ ਰਾਹਤ ਕੰਮ ਵਿੱਚ ਲੱਗੀਆਂ ਰਹੀਆਂ। ਬਹੁਤ ਸਾਰੇ ਲੋਕ ਮਲਬੇ ਹੇਠ ਫਸੇ ਹੋਏ ਸਨ ਅਤੇ ਉਨ੍ਹਾਂ ਨੂੰ ਬਾਹਰ ਕੱਢਣ ਵਿੱਚ ਮੁਸ਼ਕਲ ਆ ਰਹੀ ਸੀ। ਜ਼ਖਮੀਆਂ ਵਿੱਚ ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਲ ਹਨ। ਇੱਕ ਰਿਪੋਰਟ ਅਨੁਸਾਰ ਇੱਕ ਹਫ਼ਤੇ ਵਿੱਚ ਹੀ ਲੈਬਨਾਨ ਵਿੱਚ ਲਗਭਗ 400 ਲੋਕ ਮਾਰੇ ਗਏ ਹਨ ਜਿਨ੍ਹਾਂ ਵਿੱਚ 83 ਬੱਚੇ ਵੀ ਸ਼ਾਮਲ ਹਨ। ਇਹ ਅੰਕੜਾ ਬਹੁਤ ਚਿੰਤਾਜਨਕ ਹੈ। ਅੰਤਰਰਾਸ਼ਟਰੀ ਭਾਈਚਾਰੇ ਨੇ ਇਸ ਘਟਨਾ ਉੱਤੇ ਚਿੰਤਾ ਪ੍ਰਗਟ ਕੀਤੀ ਹੈ। ਸੰਯੁਕਤ ਰਾਸ਼ਟਰ ਅਤੇ ਕਈ ਦੇਸ਼ਾਂ ਨੇ ਦੋਵਾਂ ਧਿਰਾਂ ਨੂੰ ਤੁਰੰਤ ਸੀਜ਼ਫਾਇਰ ਦੀ ਅਪੀਲ ਕੀਤੀ ਹੈ। ਅਮਰੀਕਾ ਨੇ ਵੀ ਇਸ ਬਾਰੇ ਟਿੱਪਣੀ ਕੀਤੀ ਹੈ ਪਰ ਇਜ਼ਰਾਈਲ ਦੀ ਰੱਖਿਆ ਨੂੰ ਵੀ ਉਚਿਤ ਠਹਿਰਾਇਆ ਹੈ। ਇਰਾਨ ਨੇ ਇਸ ਹਮਲੇ ਨੂੰ ਸੀਜ਼ਫਾਇਰ ਤੋਂ ਬਾਅਦ ਵੀ ਇਜ਼ਰਾਈਲ ਵੱਲੋਂ ਉਕਸਾਵਾ ਦੱਸਿਆ ਹੈ ਅਤੇ ਇਸ ਨੂੰ ਅਣਉਚਿਤ ਕਿਹਾ ਹੈ।ਲੈਬਨਾਨ ਵਿੱਚ ਇਸ ਵੇਲੇ ਸਥਿਤੀ ਬਹੁਤ ਗੰਭੀਰ ਹੈ। ਲੋਕ ਡਰੇ ਹੋਏ ਹਨ ਅਤੇ ਭਵਿੱਖ ਬਾਰੇ ਚਿੰਤਿਤ ਹਨ। ਬਹੁਤ ਸਾਰੇ ਇਲਾਕਿਆਂ ਵਿੱਚ ਬਿਜਲੀ ਅਤੇ ਪਾਣੀ ਦੀ ਸਪਲਾਈ ਬੰਦ ਹੋ ਗਈ ਹੈ। ਹਸਪਤਾਲਾਂ ਵਿੱਚ ਦਵਾਈਆਂ ਅਤੇ ਬੈੱਡਾਂ ਦੀ ਘਾਟ ਹੈ। ਰਾਹਤ ਸੰਸਥਾਵਾਂ ਲਗਾਤਾਰ ਮਦਦ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਹਮਲਿਆਂ ਕਾਰਨ ਉਨ੍ਹਾਂ ਨੂੰ ਵੀ ਮੁਸ਼ਕਲ ਆ ਰਹੀ ਹੈ।ਇਸ ਲੜਾਈ ਦਾ ਇਤਿਹਾਸ ਲੰਬਾ ਹੈ। ਇਜ਼ਰਾਈਲ ਅਤੇ ਲੈਬਨਾਨ ਵਿਚਾਲੇ 2006 ਵਿੱਚ ਵੀ ਵੱਡੀ ਜੰਗ ਹੋ ਚੁੱਕੀ ਹੈ। ਉਸ ਵੇਲੇ ਵੀ ਹਿਜ਼ਬੁੱਲਾਹ ਨਾਲ ਟਕਰਾਅ ਹੋਇਆ ਸੀ। ਇਸ ਵਾਰ ਇਸ ਟਕਰਾਅ ਨੂੰ ਇੱਕ ਨਵੀਂ ਸ਼ਕਲ ਮਿਲੀ ਹੈ ਜਿਸ ਵਿੱਚ ਗਾਜ਼ਾ ਨਾਲ ਵੀ ਲਿੰਕ ਹੈ। ਇਜ਼ਰਾਈਲ ਇਸ ਨੂੰ ਆਪਣੀ ਸੁਰੱਖਿਆ ਲਈ ਲਾਜ਼ਮੀ ਮੰਨਦਾ ਹੈ ਜਦਕਿ ਲੈਬਨਾਨ ਇਸ ਨੂੰ ਆਪਣੀ ਖੁਦਮੁਖਤਿਆਰੀ ਉੱਤੇ ਹਮਲਾ ਮੰਨਦਾ ਹੈ। ਲੈਬਨਾਨੀ ਲੋਕ ਇਸ ਵੇਲੇ ਬਹੁਤ ਮੁਸੀਬਤ ਵਿੱਚ ਹਨ। ਉਨ੍ਹਾਂ ਨੇ ਆਪਣੇ ਘਰ ਗਵਾਏ ਹਨ, ਆਪਣੇ ਰਿਸ਼ਤੇਦਾਰ ਗਵਾਏ ਹਨ ਅਤੇ ਭਵਿੱਖ ਬਿਲਕੁਲ ਅਨਿਸ਼ਚਿਤ ਹੈ। ਬੱਚੇ ਸਕੂਲ ਨਹੀਂ ਜਾ ਰਹੇ ਅਤੇ ਔਰਤਾਂ ਆਪਣੇ ਪਰਿਵਾਰਾਂ ਦੀ ਰੱਖਿਆ ਲਈ ਚਿੰਤਤ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਖੇਤਰੀ ਸ਼ਾਂਤੀ ਲਈ ਬਹੁਤ ਖਤਰਨਾਕ ਹਨ।

## ਚੀਰਹਰਣ



ਦਰੋਪਦੀ ਦਾ ਚੀਰਹਰਣ
ਭਰੀ ਸਭਾ ਵਿੱਚ
ਸਾੜ੍ਹੀ ਦਾ ਪੱਲਾ
ਖਿੱਚਣ ਨਾਲ ਹੀ ਨਹੀਂ ਹੁੰਦਾ
ਮਰਦ ਆਪਣੀ ਮਹਿਬੂਬ
ਨਾਲ ਬਿਤਾਏ
ਨਾਜ਼ੁਕ ਪਲਾਂ ਦਾ ਵਿਸਥਾਰ
ਦੋਸਤਾਂ ਦੀ ਮਹਿਫਿਲ ਵਿੱਚ ਸੁਣਾਉਂਦਾ
ਚੀਰਹਰਣ ਉਦੋਂ ਵੀ ਹੁੰਦਾ
ਪਤੀ ਯਾਰਾਂ ਦੇ ਵਿੱਚ
ਪਤਨੀ ਬਾਰੇ ਤੀਂਘੜ ਕੇ
ਆਟੇ ਵਾਂਗ ਗੁੰਨ'ਤੀ ਕਹਿੰਦਾ ਚੀਰਹਰਣ ਉਦੋਂ ਵੀ ਹੁੰਦਾ
ਮਿੱਤਰ ਜਦ
ਮਹਿਬੂਬਾ ਨਾਲ ਸਾਂਝੇ ਕੀਤੇ ਅੰਤਰੀਵ ਪਲ ਤੇ ਨਾਜ਼ੁਕ ਰਿਸ਼ਤੇ ਦੇ ਵੇਰਵੇ ਚਟਖਾਰੇ ਲੈ
ਯਾਰਾਂ ਕੋਲ ਬੋਲਦਾ
ਚੀਰਹਰਣ ਉਦੋਂ ਵੀ ਹੁੰਦਾ
ਪਿਆਰ ਦੇ ਪਲਾਂ ਵਿੱਚ
ਆਪਣੀ ਮਰਦਾਨਗੀ
ਸਾਬਤ ਕਰਨ ਲਈ
ਮਰਦ ਹਿੰਸਕ ਸ਼ਬਦ ਬੋਲਦਾ
ਹਮਲਾਵਰ ਰੁੱਖ ਅਪਣਾਉਂਦਾ
ਚੀਰਹਰਣ ਉਦੋਂ ਵੀ ਹੁੰਦਾ
ਪਤਾ ਨਹੀਂ ਪਿਆਰ ਕਰਨ ਲਈ ਪਿਆਰ ਕਰਦਾ ਜਾਂ
ਯਾਰਾਂ ਦੋਸਤਾਂ ਨੂੰ ਮਰਦਾਵਾਂ ਜੋਸ਼ ਦਿਖਾਉਣ ਲਈ
ਪਰ ਚੀਰਹਰਣ ਹਰ ਵਾਰ ਕਰਦਾ
ਸਦੀਆਂ ਬੀਤਣ ਤੇ ਵੀ
ਕਿਣਕਾ ਨਹੀਂ ਬਦਲਿਆ
(ਅੰਤਰਨਾਦ ਪੁਸਤਕ ਵਿੱਚੋਂ)
ਲੇਖਕ : ਹਰਪ੍ਰੀਤ ਕੌਰ ਸੰਧੂ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਖੀਸਾ...**

ਪੈਸਾ ਮਨੁੱਖ ਲਈ ਬਣਿਐ ਪਰ ਮਨੁੱਖ ਪੈਸੇ ਲਈ ਨਹੀਂ। ਹਾਂ, ਖੀਸਾ ਖਾਲੀ ਹੋਵੇ ਤਾਂ ਵੀ ਕੋਈ ਨਹੀਂ ਪੁੱਛਦਾ॥

ਬੇਈਮਾਨੀ ਦੀ ਕਮਾਈ ਨਾਲ ਖੀਸਾ ਤਾਂ ਭਾਵੇਂ ਨੱਕੋ ਨੱਕ ਭਰ ਸਕਦੇ ਹਾਂ ਪਰ ਮਾਨਸਿਕ ਸ਼ਾਂਤੀ ਤੇ ਇੱਜ਼ਤ ਲਈ ਸਹਿਜਤਾ ਤੇ ਦਿਆਨਤਦਾਰੀ ਹੀ ਕੰਮ ਆਉਂਦੀ ਹੈ॥ ਪੀੜ੍ਹੀਆਂ ਦੇ ਖੀਸੇ ਭਰਨ ਦੇ ਰਾਹ ਪਿਆ ਮਨੁੱਖ ਜ਼ਿੰਦਗੀ ਦਾ ਆਨੰਦ ਕਦੀ ਨਹੀਂ ਲੈ ਸਕਦਾ॥

**ਮੁਕਤੀ..**

ਇਹ ਜੱਗ ਮਿੱਠਾ ਅਗਲਾ ਕਿਸ ਡਿੱਠਾ। ਉਲਝਣ ਛੱਡੋ। ਵਰਤਮਾਨ ਪਲਾਂ ਨੂੰ ਆਨੰਦਿਤ ਬਣਾਓ। ਇਹੀ ਮੁਕਤੀ ਦਾ ਰਾਹ ਹੈ॥ ਮੁਕਤੀ ਆਨੰਦ ਹੈ। ਆਨੰਦ ਸਹਿਜਤਾ, ਸਬਰ, ਸੰਤੋਖ, ਸਰਲਤਾ ਤੇ ਮੁਹੱਬਤ 'ਚੋਂ ਮਿਲਣੈ॥ ਆਡੰਬਰ, ਡਰ, ਉਲਝਣ, ਭਰਮ, ਭਟਕਣ, ਨਫਰਤ ਆਦਿ ਮੁਕਤੀ ਦੇ ਸਦਾ ਤੋਂ ਵੈਰੀ ਨੇ। ਸਾਦਗੀ ਰੱਖੋ, ਸਾਦਾ ਖਾਓ , ਚੰਗਾ ਸੋਚੋ ਤੇ ਪਿਆਰ ਵੰਡੋ ਤਾਂ ਸ਼ਰਤੀਆ ਨਫਰਤਾਂ ਤੋਂ ਮੁਕਤ ਰਹੋਂਗੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਕੀ ਖਾਂਸੀ ਕਿਸੇ ਗੰਭੀਰ ਰੋਗ ਦਾ ਲੱਛਣ ਹੁੰਦੀ ਹੈ ? ਡਾ ਅਜੀਤਪਾਲ ਸਿੰਘ ਐੱਮ ਡੀ



ਮਾਮੂਲੀ ਖਾਂਸੀ ਕੋਈ ਵੱਡੀ ਗੱਲ ਨਹੀਂ,ਬਲਕਿ ਇਕ ਅਜਿਹਾ ਸੁਰੱਖਿਆਤਮਕ ਅਮਲ ਹੈ ਜਿਸ ਨੂੰ ਗਲੇ ਜਾਂ ਸਾਹ ਪ੍ਰਣਾਲੀ ਚ ਭੋਰਾ ਜਿੰਨੀ ਚਿਕਨਾਹਟ ਤੇ ਅੜਚਣ ਹੋਣ ਤੇ ਬਹੁਤ ਤੇਜ਼ ਰਫਤਾਰ ਨਾਲ ਹਵਾ ਛਾਤੀ ਅੰਦਰੋਂ ਬਾਹਰ ਵੱਲ ਆਵਾਜ਼ ਕਰਦਿਆਂ ਨਿਕਲ ਜਾਂਦੀ ਹੈ ਤਾਂ ਕਿ ਹਵਾ ਦੇ ਰਸਤੇ ਚ ਕਿਸੇ ਕਿਸਮ ਦਾ ਅੜਿੱਕਾ ਨਾ ਰਹਿ ਜਾਵੇ ਅਤੇ ਇਸ ਦੀ ਹਟਦਿਆਂ ਹੀ ਖੰਘ ਬੰਦ ਹੋ ਜਾਵੇ। ਸਰਦੀਆਂ ਚ ਖਾਸ ਕਰਕੇ ਠੰਢ ਕਾਰਨ ਖਾਂਸੀ ਜ਼ੁਕਾਮ ਤਾਂ ਲੱਗਿਆ ਹੀ ਰਹਿੰਦਾ ਹੈ ਪਰ ਇਸ ਦੀ ਕੁਝ ਦਿਨ ਟਿਕ ਜਾਣ ਨਾਲ ਥੋੜ੍ਹਾ ਬਹੁਤ ਕਸ਼ਟ ਜਾਂ ਪ੍ਰੇਸ਼ਾਨੀ ਲਾਜ਼ਮੀ ਰਹਿੰਦੀ ਹੈ। ਭਾਪ ਦਾ ਸੇਕ, ਆਮ ਘਰੇਲੂ ਇਲਾਜ, ਬਾਜ਼ਾਰ ਚ ਮਿਲਦੀ ਆਮ ਖਾਂਸੀ ਦੀ ਗੋਲੀ ਦੁਆਈ ਆਦਿ ਨਾਲ ਥੋੜ੍ਹੇ ਹੀ ਸਮੇਂ ਚ ਇਹ ਹਟ ਜਾਂਦੀ ਹੈ ਪਰ ਕਿਹੜੀਆਂ ਹਾਲਤਾਂ ਚ ਖਾਂਸੀ ਦਾ ਇਲਾਜ ਖ਼ਤਰਨਾਕ ਹੋ ਜਾਂਦਾ ਹੈ ਇਹ ਜਾਣਨਾ ਵੀ ਜ਼ਰੂਰੀ ਹੈ ਤਾਂ ਕਿ ਵਿਅਕਤੀ ਵਿਸ਼ੇਸ਼ ਜਿਹੇ ਲੱਛਣ ਪੈਦਾ ਹੁੰਦਿਆਂ ਹੀ ਡਾਕਟਰ ਦੀ ਸਲਾਹ ਨਾਲ ਇਲਾਜ ਕਰਵਾ ਸਕੇ। ਬਹੁਤੇ ਲੋਕਾਂ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਖਾਂਸੀ ਦਾ ਕਦੀ ਕਦੀ ਆਉਣਾ ਸ਼ਰੀਰ ਲਈ ਇਕ ਸੁਰੱਖਿਅਤ ਪ੍ਰਕਿਰਿਆ ਹੈ ਕਿਉਂਕਿ ਜੇ ਖਾਂਸੀ ਨਾਲ ਬਲ਼ਗਮ ਨਿਕਲਣ ਦਾ ਅਮਲ ਨਾ ਹੋਵੇ ਤਾਂ ਏਨੀਆਂ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ ਜਿਸ ਦਾ ਇਲਾਜ ਹੋ ਸਕਣਾ ਸੰਭਵ ਵੀ ਨਾ ਹੋਵੇ। ਪਰ ਇਹ ਵੀ ਸੋਚ ਸਹੀ ਨਹੀਂ ਹੈ ਕਿ ਖਾਂਸੀ ਹਮੇਸ਼ਾ ਫ਼ਾਇਦੇਮੰਦ ਹੈ। ਜਦ ਸਾਹ ਨਾਲੀ ਚ ਅੜਿੱਕਾ ਪੈਦਾ ਕਰਨ ਵਾਲੀ ਵਿਗਾੜ ਜਨਕ ਵਸਤੂ ਹਟ ਜਾਣ ਪਿੱਛੋਂ ਵੀ ਖਾਂਸੀ ਬਣੀ ਰਹੇ। ਫਿਰ ਵੀ ਅਜਿਹੀ ਖਾਂਸੀ ਆਪਣੇ ਆਪ ਚ ਕੋਈ ਰੋਗ ਨਹੀਂ ਹੈ ਪਰ ਇਹ ਕਿਸੇ ਖ਼ਾਸ ਸਮਸਿਆ ਦਾ ਸੰਕੇਤ ਵੀ ਹੋ ਸਕਦੀ ਹੈ।

ਖਾਂਸੀ ਤੋਂ ਕੁਝ ਖ਼ਾਸ ਲੋਕ ਹੀ ਪ੍ਰਭਾਤ ਕਿਉਂ ਹੁੰਦੇ ਹਨ ?

ਇਸ ਦੀ ਪੰਜ ਮੁੱਖ ਕਾਰਨ ਹੋ ਸਕਦੇ ਹਨ।

ਪਹਿਲਾ: ਅਜੇਹੇ ਭੋਜਨ ਦੀ ਵਰਤੋ ਜੋ ਪੌਸ਼ਟਿਕ ਨਾ ਹੋਵੇ।

ਦੂਜਾ: ਗੰਦੇ ਵਾਤਾਵਰਨ ਚ ਰਹਿਣਾ ਜਿਥੇ ਜ਼ਹਿਰੀਲੀਆਂ ਗੈਸਾਂ ਸਾਹ ਨਲੀ ਦੇ ਸੰਪਰਕ ਚ ਆ ਕੇ ਉਸ ਨੂੰ ਹਰਜਾ ਪਹੁੰਚਾਉਂਦੀਆਂ ਰਹਿੰਦੀਆਂ ਹੋਣ।

ਤੀਜਾ: ਗੰਦੇ ਮਕਾਨ ਵਿੱਚ ਰਹਿਣਾ ਜਿੱਥੇ ਧੁੱਪ ਜਾਂ ਸਾਫ਼ ਹਵਾ ਨਾ ਮਿਲੇ।

ਚੌਥਾ: ਤੰਬਾਕੂਨੋਸ਼ੀ ਦੀ ਲਤ ਜਿਸ ਕਾਰਨ ਸਾਹ ਦਾ ਆਉਣਾ ਜਾਣਾ ਪ੍ਰਭਾਵਿਤ ਹੁੰਦਾ ਹੋਵੇ।

ਖਾਂਸੀ ਤੋਂ ਬਚਾਅ ਕਿਵੇਂ ?

ਬਚਾਅ ਦੋ ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ।

ਲੰਮੇ ਅਰਸੇ ਦੇ ਇਲਾਜ ਰਾਹੀਂ: ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਬਣਾਉਣਾ, ਰੋਜ਼ਾਨਾ ਕਸਰਤ ਕਰਨਾ, ਤੰਬਾਕੂਨੋਸ਼ੀ ਸ਼ਰਾਬ ਦੀ ਵਰਤੋਂ ਤੇ ਡਰੱਗਜ਼ ਤੋਂ ਕਿਨਾਰਾ ਕਰਨਾ। ਲਾਗ ਤੋਂ ਬਚਣਾ। ਖਾਂਸੀ ਪੀੜ੍ਹਤ ਵਿਅਕਤੀ ਤੋਂ ਬਚਣਾ। ਅਜਿਹੇ ਬੰਦੇ ਦੀਆਂ ਵਰਤੀਆਂ ਚੀਜ਼ਾਂ ਤੌਲੀਏ ਆਦਿ ਨਾ ਵਰਤਣਾ, ਉਸ ਦੀ ਛਿੱਕ ਅਤੇ ਬਲਗਮ ਆਦਿ ਤੋਂ ਬਚਾਅ।

ਸਰਦੀ ਜ਼ੁਕਾਮ ਤੋਂ ਬਚਣ ਲਈ ਕੋਸੇ ਪਾਣੀ ਦੀ ਹੀ ਵਰਤੋਂ ਕਰਨਾ, ਭਾਪ ਰਾਹੀਂ ਗਲੇ ਨੂੰ ਸੇਕ ਦੇਣਾ, ਕੋਸੇ ਨਮਕੀਨ ਪਾਣੀ ਦੇ ਗਰਾਰੇ ਦਿਨ ਤਿੰਨ ਵਾਰੀ, ਠੰਡ ਤੋਂ ਬਚੇ ਰਹਿਣਾ, ਅਜਿਹੀ ਦਵਾਈ ਦੀ ਵਰਤੋਂ ਜੋ ਗਾੜ੍ਹੀ ਬਲਗਮ ਨੂੰ ਪਤਲਾ ਕਰਕੇ ਬਾਹਰ ਕੱਢਦੀ ਹੋਵੇ। ਇਨ੍ਹਾਂ ਚ ਮੁੱਖ ਬੈਨਾਰਡਰਿੱਲ, ਹਿਸਟੋਨਾ, ਸੋਲਵਿਨ ਤੇ ਸੋਵੇੱਟਿਲ ਹਨ, ਜਿਨ੍ਹਾਂ ਦੀ ਵਰਤੋਂ ਚਾਰ ਪੰਜ ਦਿਨ ਤੱਕ ਦਿਨ ਚ ਤਿੰਨ ਵਾਰੀ ਕੀਤੀ ਜਾ ਸਕਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਸਾਹ ਨਾਲੀਆਂ ਖੁੱਲ੍ਹ ਜਾਂਦੀਆਂ ਹਨ ਅਤੇ ਮਿਊਕਸ ਪਿਘਲ ਕੇ ਖੰਘ ਰਾਂਹੀ ਬਾਹਰ ਲਿਕਲ ਜਾਂਦਾ ਹੈ, ਜਿਸ ਨਾਲ ਖੰਘ ਹੋਣੀ ਬੰਦ ਹੋ ਜਾਂਦੀ ਹੈ। ਪਰ ਵੱਧ ਦਿਨਾਂ ਤਕ ਅਜਿਹਾ ਸ਼ਰਬਤ ਪੀਂਦੇ ਰਹਿਣ ਨਾਲ ਨੀਂਦ ਦੀ ਸ਼ਿਕਾਇਤ ਸ਼ੁਰੂ ਹੋ ਜਾਂਦੀ ਹੈ, ਜਿਸ ਕਾਰਨ ਰੋਜ਼ਾਨਾ ਦੇ ਕੰਮਾਂ ਚ ਅੜਿੱਕਾ ਪੈਂਦਾ ਹੈ ਖਾਸ ਕਰਕੇ ਮਸ਼ੀਨ ਤੇ ਕੰਮ ਕਰਨਾ ਅਤੇ ਡਰਾਈਵਿੰਗ ਖ਼ਤਰਨਾਕ ਹੋ ਜਾਂਦੇ ਹਨ। ਇਸ ਤਰ੍ਹਾਂ ਦੀਆਂ ਦਵਾਈ ਚ ਅਲਕੋਹਲ ਹੁੰਦੀ ਹੈ ਜਿਸ ਕਰਕੇ ਉਹ ਛੋਟੇ ਬੱਚਿਆਂ ਨੂੰ ਵੀ ਨਹੀਂ ਦਿੱਤੀ ਜਾ ਸਕਦੀ। ਬੱਚਿਆਂ ਨੂੰ ਵਾਟਰ ਬਰੀ ਕੰਪਾਊਂਡ ਦੇਣ ਨਾਲ ਬਲਗਮ ਖਿੱਚ ਕੇ ਬਾਹਰ ਆ ਜਾਂਦੀ ਹੈ ਅਤੇ ਖੰਘ ਰਾਹੀਂ ਬਾਹਰ ਨਿਕਲ ਜਾਂਦੀ ਹੈ। ਦੂਜੀ ਕਿਸਮ ਦੀਆਂ ਦਵਾਈਆਂ ਵਿਚ ਲਿੰਕਟਸ ਕੋਡੀਨ ਤੇ ਸੇਲਵੀਗਾਨ ਹੁੰਦੀਆਂ ਹਨ ਅਤੇ ਇਹ ਦਿਮਾਗ ਦੇ ਉਨ੍ਹਾਂ ਕੇਂਦਰਾਂ ਤੇ ਦਬਾਅ ਪਾਉਂਦੀਆਂ ਹਨ, ਜੋ ਕਫ ਨੂੰ ਉਤੇਜਿਤ ਕਰਦੇ ਹਨ ਇਸ ਨਾਲ ਕਫ ਨਿਕਲਣਾ ਦਬ ਜਾਂਦਾ ਹੈ। ਬਲਕਿ ਬਲਗਿਮ ਨਿਕਲਣ ਵਾਲੀ ਖਾਂਸੀ ਵਿਚ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਕਿਉਂਕਿ ਜੇ ਫੇਫੜਿਆਂ ਚ ਬਲਗਮ ਰਹਿ ਜਾਂਦੀ ਹੈ ਤੇ ਬਾਹਰ ਨਹੀਂ ਨਿਕਲਦੀ ਤਾਂ ਗੰਭੀਰ ਸਮੱਸਿਆ ਪੈਦਾ ਹੋ ਜਾਂਦੀ ਹੈ। ਦਵਾਈਆਂ ਜਾਂ ਤਾਂ ਖਾਂਸੀ ਨੂੰ ਦਬਾ ਦਿੰਦੀਆਂ ਹਨ ਜਾਂ ਵਾਯੂ ਨਾਲੀ ਨੂੰ ਚੌੜਾ ਕਰਕੇ ਬਲਗਮ ਨੂੰ ਪਤਲਾ ਕਰਕੇ ਬਾਹਰ ਕੱਢ ਦਿੰਦੀਆਂ ਹਨ। ਸੁੰਘਣ ਵਾਲੀ ਦਵਾਈਆਂ ਖਾਸ ਕਰਕੇ ਜਿਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਛਿਦਰਾਂ ਨੂੰ ਫੈਲਾਅ ਕੇ ਖਾਂਸੀ ਨੂੰ ਬਾਹਰ ਕੱਢ ਦਿੰਦੀਆਂ ਹਨ। ਬਾਮ ਲਾਉਣ ਦਾ ਕੋਈ ਲਾਭ ਨਹੀਂ ਹੁੰਦਾ ਬਲਕਿ ਸੰਵੇਦਨਸ਼ੀਲ ਇਨਸਾਨਾਂ ਚ ਇਹ ਪੁੱਠਾ ਅਸਰ ਹੋਣ ਲੱਗਦਾ ਹੈ ਤੇ ਕਸ਼ਟ ਵਧਾ ਦਿੰਦਾ ਹੈ। ਇਸ ਦਾ ਅਸਰ ਮਨੋ ਵਿਗਿਆਨਕ ਵੱਧ ਹੁੰਦਾ ਹੈ ਤੇ ਰੋਗੀ ਦਾ ਧਿਆਨ ਲਾਂਭੇ ਹੋ ਜਾਂਦਾ ਹੈ ਤੇ ਦਰਦ ਮਹਿਸੂਸ ਨਹੀਂ ਹੁੰਦਾ। ਦਵਾਈਆਂ ਖਾਂਸੀ ਹਟਾ ਤਾਂ ਦਿੰਦੀਆਂ ਹਨ ਪਰ ਸਹੀ ਇਲਾਜ ਤਾਂ ਹੀ ਸੰਭਵ ਹੈ ਜੇ ਇਹ ਕਿਸੇ ਇਸ ਰੋਗ ਕਾਰਨ ਪੈਦਾ ਨਾ ਹੋਵੇ। ਪਰ ਰੋਗ ਦੀ ਹਾਲਤ ਚ ਰੋਗ ਦੀ ਪਹਿਚਾਣ ਤੇ ਸਹੀ ਇਲਾਜ ਕਰਕੇ ਹੀ ਖੰਘ ਤੋਂ ਛੁਟਕਾਰਾ ਪਾਉਣਾ ਸੰਭਵ ਹੈ। ਉਪਰੋਕਤ ਵਰਣਨ ਤੋਂ ਸਪੱਸ਼ਟ ਹੈ ਕਿ ਜੇ ਖਾਂਸੀ ਕੋਈ ਰੋਗ ਨਹੀਂ, ਖਾਸ ਕਰਕੇ ਜੇ ਇਹ ਸਰਦੀ ਜ਼ੁਕਾਮ ਕਾਰਨ ਪੈਦਾ ਹੋਈ। ਪਰ ਹੇਠ ਲਿਖੀਆਂ ਹਾਲਤਾਂ ਚ ਤਾਂ ਇਲਾਜ ਡਾਕਟਰ ਤੋਂ ਹੀ ਕਰਾਉਣਾ ਜ਼ਰੂਰੀ ਹੈ।

(1) ਜੇ ਤੁਸੀਂ ਖੰਘਦੇ ਖੰਘਦੇ ਹਾਫ ਜਾਓ, ਆਵਾਜ਼ ਚ ਭਾਰੀਪਣ ਪੈਦਾ ਹੋਵੇ ਅਤੇ ਛਾਤੀ ਚ ਦਰਦ ਹੋਵੇ, ਸਾਹ ਫੁੱਲਦਾ ਹੋਵੇ, ਬੁਖਾਰ ਚੜ੍ਹਨ ਲੱਗੇ, ਥਕਾਵਟ, ਸ਼ਰੀਰ ਦਾ ਭਾਰ ਘਟਣ ਲੱਗੇ ਤਾਂ ਅਜਿਹੀਆਂ ਹਾਲਤਾਂ ਚ ਡਾਕਟਰ ਤੋਂ ਰੋਗ ਦੀ ਪਛਾਣ ਕਰਵਾ ਕੇ ਹੀ ਇਲਾਜ ਕਰਵਾਓ ਕਿਉਂਕਿ ਕਦੀ ਕਦੀ ਖਾਂਸੀ ਦੇ ਕਾਰਨ ਦੀ ਅਣਦੇਖੀ ਕਰਨ ਨਾਲ ਬਿਮਾਰੀ ਵਧ ਜਾਂਦੀ ਹੈ।

(2) ਜੇ ਖੰਘ ਚ ਸਫੈਦ ਥਾਂ ਪੀਲੀ ਬਲਗਮ ਆਉਣ ਲੱਗੇ ਤਾਂ ਬਲਗਮ ਹਲਕੀ ਹਰੀ ਹੋਵੇ ਤਾਂ ਇਹ ਇਨਫੈਕਸ਼ਨ ਦਾ ਲੱਛਣ ਹੋ ਸਕਦਾ ਹੈ। ਜਿਵੇਂ ਕਿ ਆਮ ਤੌਰ ਤੇ ਲੰਮੇ ਸਮੇਂ ਦੇ ਬਰੌਂਕਾਈਟਿਸ ਚ ਅਜਿਹਾ ਹੁੰਦਾ ਹੈ। ਬਿਨਾਂ ਇਨਫੈਕਸ਼ਨ ਵਾਲੇ ਦਮੇ ਚ ਬਲਗਮ ਸਫੈਦ ਹੋ ਜਾਂਦੀ ਹੈ ਪਰ ਜ਼ਿਆਦਾਤਰ ਝੱਗਦਾਰ ਖੂਨ ਮਿਲੀ ਬਲਗਮ ਫੇਫੜਿਆਂ ਦੇ ਕੈਂਸਰ, ਤਪਦਿਕ ਤੇ ਨਮੂਨਿਆਂ ਦਾ ਲੱਛਣ ਵੀ ਹੋ ਸਕਦਾ ਹੈ। ਇਸ ਦੀ ਪਹਿਚਾਣ ਡਾਕਟਰ ਤੋਂ ਹੀ ਕਰਵਾਉਣੀ ਠੀਕ ਹੈ।

(3) ਬਾਲਗਾਂ ਚ ਲਗਾਤਾਰ ਸੁੱਕੀ ਖੰਘ ਆਉਣੀ ਵੀ ਕਿਸੇ ਰੋਗ ਦੀ ਸੂਚਕ ਹੋ ਸਕਦੀ ਹੈ ਜਿਵੇਂ ਨਿਮੋਨੀਆ ਜਾਂ ਦਿਲ ਦਾ ਰੋਗ। ਇਹ ਸਾਹ ਨਾਲੀਆਂ ਚ ਆਈ ਸੋਜ ਕਾਰਨ ਵੀ ਹੋ ਸਕਦਾ ਹੈ, ਜਿਸ ਕਰ ਕੇ ਸੱਤ ਅੱਠ ਦਿਨ ਤਕ ਲਗਾਤਾਰ ਸੁੱਕੀ ਖਾਂਸੀ ਬਣੀ ਰਹੇ ਤਾਂ ਜ਼ਰੂਰ ਡਾਕਟਰ ਦੀ ਸਲਾਹ ਲਵੋ।

(3)ਬੱਚਿਆਂ ਚ ਜੇ ਸ਼ੁਰੂ ਚ ਖਾਂਸੀ ਸੁੱਕੀ ਹੋਈ ਪਰ ਪਿੱਛੋਂ ਬਲਗਮ ਨਿਕਲਣ ਲੱਗੇ ਤੇ ਨਾਲ ਹੀ ਸੀਨੇ ਚ ਗੜਬੜ ਪੈਦਾ ਹੋਵੇ ਤੇ ਖਾਂਸੀ ਵੱਧ ਤੇਜ਼ ਕਿਸਮ ਦੀ ਹੋਵੇ ਤਾਂ ਇਸ ਨੂੰ ਕਾਲੀ ਖਾਂਸੀ ਸਮਝਣਾ ਚਾਹੀਦਾ ਹੈ। ਇਸ ਦਾ ਇਲਾਜ ਡਾਕਟਰ ਹੀ ਕਰ ਸਕਦਾ ਹੈ।

ਖਾਂਸੀ ਦੀ ਰੋਕਥਾਮ:

ਤੰਬਾਕੂਨੋਸ਼ੀ ਛੱਡਣ ਨਾਲ ਖਾਂਸੀ ਘਟ ਸਕਦੀ ਹੈ। ਦਿਲ ਤੇ ਫੇਫੜਿਆਂ ਦੇ ਰੋਗ ਕੈਂਸਰ ਪੈਦਾ ਕਰਨ ਤੋਂ ਇਲਾਵਾ ਇਹ ਭੋਜਨ ਤੋਂ ਹਾਸਲ ਪੌਸ਼ਟਿਕ ਤੱਤਾਂ ਨੂੰ ਵੀ ਅਗਵਾ ਕਰ ਲੈਂਦਾ ਹੈ। ਡਾਕਟਰਾਂ ਦਾ ਵਿਸ਼ਵਾਸ ਹੈ ਕਿ ਤੰਬਾਕੂ ਵਿਚ ਮੌਜੂਦ ਨਿਕੋਟੀਨ ਤੇ ਹੋਰ ਜ਼ਹਿਰੀਲੇ ਰਸਾਇਣਾਂ ਤਾਂ ਵਿਟਾਮਿਨ-ਸੀ ਨੂੰ ਸਰੀਰ ਚ ਜਜ਼ਬ ਹੀ ਨਹੀਂ ਹੋਣ ਦਿੰਦੇ ਤੇ ਪਾਚਨ ਪ੍ਰਣਾਲੀ ਲਈ ਇਹ ਮਿਲਦਾ ਹੀ ਨਹੀਂ। ਬੀੜੀ ਸਿਗਰਟ ਨਾਲ ਫਿਲਟਰ ਦੀ ਵਰਤੋਂ ਨਾਲ ਵੀ ਨੁਕਸਾਨ ਖਤਮ ਨਹੀਂ ਹੁੰਦਾ।

ਪ੍ਰਦੂਸ਼ਣ ਤੋਂ ਬਚੋ: ਸ਼ਹਿਰਾਂ ਚ ਵਾਹਨਾਂ ਦੇ ਧੂੰਏਂ ਤੇ ਕਾਰਖਾਨਿਆਂ ਦੀਆਂ ਚਿਮਨੀਆਂ ਚੋਂ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਵਾਤਾਵਰਨ ਪ੍ਰਦੂਸ਼ਿਤ ਕਰਦੀਆਂ ਹਨ। ਇਸ ਨਾਲ ਵਿਅਕਤੀ ਵਿਸ਼ੇਸ਼ ਦੇ ਅਜਿਹੇ ਵਾਤਾਵਰਨ ਚ ਫੇਫੜਿਆਂ ਦੇ ਖਰਾਬ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਅਜਿਹੇ ਵਾਤਾਵਰਨ ਚ ਚਿਹਰੇ ਤੇ ਮਾਸਕ ਪਹਿਨ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਸਵੇਰੇ ਦੀ ਸਾਫ਼ ਸੁਥਰੀ ਹਵਾ ਚ ਕੁਝ ਦੇਰ ਪਾਰਕ ਚ ਟਹਿਲਣਾ ਚਾਹੀਦਾ ਹੈ ਜਿੱਥੋਂ ਦੀ ਹਵਾ ਪ੍ਰਦੂਸ਼ਿਤ ਨਾ ਹੋਵੇ।

ਅਲਰਜੀ ਤੋਂ ਬਚਾਅ: ਕੁਝ ਬੰਦੇ ਕੁਝ ਵਿਸ਼ੇਸ਼ ਵਸਤਾਂ ਦੇ ਸੰਪਰਕ ਚ ਆਉਂਦੇ ਹੀ ਤੇਜੀ ਨਾਲ ਖੰਘਣ ਲੱਗਦੇ ਹਨ ਅਤੇ ਖਾਂਸੀ ਉਦੋਂ ਤੱਕ ਬੰਦ ਹੁੰਦੀ ਜਦੋਂ ਤਕ ਵਿਅਕਤੀ ਉਸ ਵਾਤਾਵਰਣ ਤੋਂ ਪਾਸੇ ਹਟ ਨਹੀਂ ਜਾਂਦਾ। ਵਿਅਕਤੀਆਂ ਨੂੰ ਚਾਹੀਦਾ ਹੈ ਕਿ ਅਜਿਹੀਆਂ ਵਸਤਾਂ ਤੋਂ ਦੂਰ ਰਹਿਣ ਜੋ ਖਾਂਸੀ ਪੈਦਾ ਕਰਦੀਆਂ ਹਨ।

ਇਨਫੈਕਸ਼ਨ ਤੋਂ ਬਚਾਅ: ਮੌਸਮ ਬਦਲਣ ਦੇ ਨਾਲ ਬਹੁਤੇ ਲੋਕਾਂ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਤਾਂ ਕਿ ਮੌਸਮ ਦਾ ਅਸਰ ਸਰੀਰ ਤੇ ਘੱਟੋ ਘੱਟ ਹੋਵੇ। ਜੋ ਲੋਕ ਮਰੀਜ਼ ਦੀ ਦੇਖਭਾਲ ਕਰਦੇ ਹਨ,ਉਨ੍ਹਾਂ ਨੂੰ ਇਤਹਾਦ ਵਰਤਣੀ ਚਾਹੀਦੀ ਹੈ। ਮਰੀਜ਼ ਦੇ ਐਨ ਸਾਹਮਣੇ ਨਾ ਬੈਠਣ ਤੇ ਉਨ੍ਹਾਂ ਵੱਲੋਂ ਵਰਤੇ ਗਏ ਰੁਮਾਲ ਜਾਂ ਤੌਲੀਏ ਦਾ ਪ੍ਰਯੋਗ ਵੀ ਨਾ ਕਰਨ। ਰੋਗੀ ਖੰਘਣ ਦੇ ਸਮੇਂ ਮੂੰਹ ਤੇ ਰੁਮਾਲ ਰੱਖ ਲੈਣ ਤਾਂ ਕਿ ਰੋਗੀ ਦੇ ਮੂੰਹ ਚੋਂ ਨਿਕਲੀ ਹਵਾ ਤੰਦਰੁਸਤ ਬੰਦੇ ਦੇ ਫੇਫੜਿਆਂ ਵਿੱਚ ਨਾ ਜਾਵੇ। ਸਰਦੀ, ਕਾਲੀ ਖਾਂਸੀ, ਪਲੂਰਸੀ ਤੇ ਜਿਗਰ ਦੀ ਖਰਾਬੀ ਨਾਲ ਵੀ ਖਾਂਸੀ ਹੋ ਜਾਂਦੀ ਹੈ। ਸਾਹ ਨਾਲੀਆਂ ਦੀ ਛੇੜਛਾੜ ਤੇ ਸੋਜ ਪੈਦਾ ਕਰਨ ਵਾਲੇ ਪਦਾਰਥਾਂ ਦੇ ਪਹੁੰਚਣ ਨਾਲ, ਕੁਸ਼ਟ ਰੋਗ, ਟੀ ਬੀ ਰੋਗ, ਸਭ ਪ੍ਰਣਾਲੀ ਦੀ ਸੋਜ, ਨਿਮੋਨੀਆ, ਬਰੌਂਕਾਇਟਿਸ, ਦਮਾ,ਹਿਸਟੀਰੀਆ, ਗਲੇ ਚ ਕਿਸੇ ਚੀਜ਼ ਦੇ ਚਿਪਕਣ ਜਾਣ ਨਾਲ, ਭੋਜਨ ਕਰਦੇ ਸਮੇਂ ਆਹਾਰ ਦਾ ਕੁਝ ਅੰਸ਼ ਸਵਤੰਤਰ ਚਲੇ ਜਾਣ ਨਾਲ ਆਦਿ ਕਾਰਨਾਂ ਕਰਕੇ ਵੀ ਖਾਂਸੀ ਹੋ ਜਾਂਦੀ ਹੈ। ਗਲੇ ਅਤੇ ਫੇਫੜਿਆਂ ਦੇ ਵਿਗਾੜਾਂ ਕਰਕੇ ਅਕਸਰ ਖਾਂਸੀ ਬਣੀ ਰਹਿੰਦੀ ਹੈ। ਹਰ ਤਰ੍ਹਾਂ ਦੀ ਖਾਂਸੀ ਰਾਤ ਵੇਲੇ ਵੱਧ ਉੱਠਦੀ ਹੈ। ਰੋਗੀ ਸੁੱਤਾ ਸੁੱਤਾ ਉੱਠ ਬੈਠਦਾ ਹੈ ਤੇ ਉਸ ਦਾ ਚਿਹਰਾ ਲਾਲ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਖਾਸੀ ਨਾਲ ਹਲਕਾ ਬੁਖਾਰ ਵੀ ਰਹਿੰਦਾ ਹੈ। ਬੱਚਿਆਂ ਚ ਇਸ ਤਰ੍ਹਾਂ ਦੀ ਖਾਂਸੀ ਕਾਲੀ ਖਾਂਸੀ (ਵੂਪਿੰਗ ਕਫ) ਦੇ ਰੂਪ ਚ ਮਿਲਦੀ ਹੈ। ਖਾਂਸੀ ਦਾ ਕਾਰਨ ਜੋ ਵੀ ਰੋਗ ਹੋਵੇ ਉਸ ਦੀ ਪਹਿਚਾਣ ਤੇ ਸਹੀ ਇਲਾਜ ਹੀ ਤੰਦਰੁਸਤੀ ਮੋੜ ਕੇ ਲਿਆ ਸਕਦਾ ਹੈ।

* ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
9815629301

## ਨਿਰੰਤਰਤਾ ਹੀ ਜ਼ਿੰਦਗੀ ਹੈ - ਸਨਦੀਪ ਸਿੱਧੂ



ਬਚਪਨ ਦੇ ਉਹ ਦਿਨ ਸਾਨੂੰ ਅਕਸਰ ਯਾਦ ਆਉਂਦੇ ਹਨ ਜਦੋਂ ਸਾਡਾ ਦਿਮਾਗ ਇੱਕ ਬਿਲਕੁਲ ਖਾਲੀ ਮੈਮੋਰੀ ਕਾਰਡ ਵਾਂਗ ਹੁੰਦਾ ਸੀ। ਉਸ ਸਮੇਂ ਸਾਡੇ ਕੋਲ ਵਿਸ਼ਲੇਸ਼ਣ (Analysis) ਕਰਨ ਲਈ ਪੁਰਾਣਾ ਡਾਟਾ ਜਾਂ ਅੰਕੜੇ ਨਹੀਂ ਸਨ, ਇਸ ਲਈ ਅਸੀਂ ਹਰ ਚੀਜ਼ ਨੂੰ ਬਿਨਾਂ ਕਿਸੇ ਡਰ ਜਾਂ ਦੁਚਿੱਤੀ ਦੇ ਸਵੀਕਾਰ ਕਰਦੇ ਸੀ। ਇੱਕ ਨਿੱਕਾ ਬੱਚਾ ਜਦੋਂ ਰਿੜ੍ਹਨਾ ਸ਼ੁਰੂ ਕਰਦਾ ਹੈ, ਤਾਂ ਉਹ ਕਦੇ ਇਹ ਨਹੀਂ ਸੋਚਦਾ ਕਿ ਉਹ ਡਿੱਗ ਪਵੇਗਾ ਜਾਂ ਲੋਕ ਉਸ ਵੱਲ ਦੇਖ ਕੇ ਕੀ ਕਹਿਣਗੇ। ਉਸ ਦੀ ਜ਼ੁਬਾਨ ਜਦੋਂ ਤੋਤਲੇ ਸ਼ਬਦਾਂ ਤੋਂ ਮਹਾਰਤ ਵੱਲ ਵਧਦੀ ਹੈ, ਤਾਂ ਉਹ ਸਿਰਫ਼ ਸਿੱਖਣ ਦੇ ਜਜ਼ਬੇ ਵਿੱਚ ਹੁੰਦਾ ਹੈ। ਜੇਕਰ ਬੱਚੇ ਦੇ ਸਰੀਰਕ ਆਕਾਰ ਅਤੇ ਉਸ ਦੇ ਸਿਰੜ ਦਾ ਹਿਸਾਬ ਲਾਇਆ ਜਾਵੇ, ਤਾਂ ਉਹ ਇੱਕ ਤਜ਼ਰਬੇਕਾਰ ਇਨਸਾਨ ਨਾਲੋਂ ਕਿਤੇ ਜ਼ਿਆਦਾ ਹਿੰਮਤ ਅਤੇ ਜਾਨ ਰੱਖਦਾ ਹੈ। ਪਰ ਜਿਵੇਂ-ਜਿਵੇਂ ਉਮਰ ਵਧਦੀ ਹੈ, ਸਾਡੀ ਇਹ ਬੁਨਿਆਦੀ ਹਿੰਮਤ ਸੁੰਗੜਨੀ ਸ਼ੁਰੂ ਹੋ ਜਾਂਦੀ ਹੈ ਅਤੇ ਅਸੀਂ ਜ਼ਿੰਦਗੀ ਦੇ ਇੱਕ ਅਜਿਹੇ ਮੋੜ 'ਤੇ ਆ ਕੇ ਖੜ੍ਹ ਜਾਂਦੇ ਹਾਂ ਜਿੱਥੇ ਸਭ ਕੁਝ ਚੱਲਦਾ ਤਾਂ ਦਿਸਦਾ ਹੈ, ਪਰ ਅਸੀਂ ਅੰਦਰੋਂ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਾਂ।

ਇਸ ਖੜੋਤ ਦਾ ਸਭ ਤੋਂ ਵੱਡਾ ਕਾਰਨ ਸਾਡੇ ਦਿਮਾਗ ਦਾ ਲੋੜੋਂ ਵੱਧ ਚੱਲਣਾ ਅਤੇ ਕੁਦਰਤ ਦੇ ਬੁਨਿਆਦੀ ਅਸੂਲਾਂ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਨਵੇਂ ਨਿਯਮ ਸਥਾਪਿਤ ਕਰਨਾ ਹੈ। ਕੁਦਰਤ ਦਾ ਸਭ ਤੋਂ ਅਹਿਮ ਨਿਯਮ 'ਨਿਰੰਤਰਤਾ' ਹੈ। ਦਿਨ ਤੋਂ ਬਾਅਦ ਰਾਤ ਦਾ ਆਉਣਾ, ਹਵਾਵਾਂ ਦਾ ਵਗਣਾ, ਸੂਰਜ ਦਾ ਚੜ੍ਹਨਾ ਅਤੇ ਪਾਣੀ ਦਾ ਵਹਾਅ—ਇਹ ਸਭ ਇੱਕੋ ਨਿਯਮ ਦੇ ਅਧੀਨ ਕੰਮ ਕਰਦੇ ਹਨ। ਕੁਦਰਤ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ; ਨਿਯਮ ਹਰ ਕਿਸੇ ਲਈ ਬਰਾਬਰ ਹਨ। ਜਿਵੇਂ ਕਿਸੇ ਖੇਡ ਵਿੱਚ ਨਿਯਮਾਂ ਤੋਂ ਬਾਹਰ ਜਾਣ ਵਾਲਾ ਖਿਡਾਰੀ ਖੇਡ ਤੋਂ ਬਾਹਰ ਹੋ ਜਾਂਦਾ ਹੈ, ਉਵੇਂ ਹੀ ਜਦੋਂ ਅਸੀਂ ਕੁਦਰਤ ਦੀ ਨਿਰੰਤਰਤਾ ਦੇ ਉਲਟ ਜਾ ਕੇ ਰੁਕ ਜਾਂਦੇ ਹਾਂ, ਤਾਂ ਸਾਡੀ ਵਿਕਾਸ ਦਰ (Growth) ਰੁਕ ਜਾਂਦੀ ਹੈ। ਅਸੀਂ ਅਕਸਰ ਭੁੱਲ ਜਾਂਦੇ ਹਾਂ ਕਿ ਸਾਡਾ ਸਮਾਂ ਸੀਮਤ ਹੈ ਅਤੇ ਇਸ ਮਿਥੇ ਹੋਏ ਸਮੇਂ ਵਿੱਚ ਹੀ ਅਸੀਂ ਆਪਣੀ ਮਿਹਨਤ ਅਤੇ ਸਹੀ 'Mind Set' ਨਾਲ ਨਤੀਜੇ ਵੇਖਣੇ ਹੁੰਦੇ ਹਨ।

ਅਸਲ ਮਸਲਾ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਸਾਡੇ ਦਿਮਾਗ ਵਿੱਚ ਜਮ੍ਹਾਂ ਕੀਤੀਆਂ ਗਈਆਂ ਜਾਣਕਾਰੀਆਂ ਅਤੇ ਜਜ਼ਬਾਤਾਂ ਵਿੱਚੋਂ 80 ਫੀਸਦੀ ਹਿੱਸਾ ਨਾਕਾਰਾਤਮਕ ਅਤੇ ਫਾਲਤੂ ਹੋ ਜਾਂਦਾ ਹੈ। ਤਹਿ-ਦਰ-ਤਹਿ ਗੈਰ-ਜ਼ਰੂਰੀ ਵਿਚਾਰਾਂ ਨੇ ਦਿਮਾਗ ਦੀ ਸਾਰੀ ਜਗ੍ਹਾ ਮੱਲੀ ਹੁੰਦੀ ਹੈ ਅਤੇ ਸਾਡੀ ਊਰਜਾ ਇਸੇ 'ਕੂੜੇ-ਕਰਕਟ' ਨੂੰ ਸਾਂਭਣ ਵਿੱਚ ਖਰਚ ਹੋ ਜਾਂਦੀ ਹੈ। ਜਿਵੇਂ ਅਸੀਂ ਆਪਣੀਆਂ ਮਸ਼ੀਨਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਸਮੇਂ-ਸਮੇਂ 'ਤੇ ਉਹਨਾਂ ਦੀ ਸਰਵਿਸ ਕਰਵਾਉਂਦੇ ਹਾਂ, ਫਿਲਟਰ ਸਾਫ਼ ਕਰਦੇ ਹਾਂ, ਉਸੇ ਤਰ੍ਹਾਂ ਸਾਡੇ ਦਿਮਾਗ ਨੂੰ ਵੀ ਸਰਵਿਸ ਦੀ ਲੋੜ ਹੁੰਦੀ ਹੈ। ਇਸ ਸਰਵਿਸ ਦਾ ਪਹਿਲਾ ਕਦਮ ਹੈ—ਗੈਰ-ਜ਼ਰੂਰੀ ਵਿਚਾਰਾਂ ਨੂੰ 'ਡਿਲੀਟ' ਕਰਨਾ। ਸਾਨੂੰ ਮਾਫ਼ੀ ਮੰਗਣਾ, ਮਾਫ਼ੀ ਦੇਣਾ ਅਤੇ ਆਪਣੇ-ਆਪ ਨੂੰ ਦੁਨੀਆ ਨਾਲੋਂ ਬਹੁਤ ਜ਼ਿਆਦਾ ਖ਼ਾਸ ਸਮਝਣ ਦੇ ਵਹਿਮ ਤੋਂ ਮੁਕਤੀ ਪਾਉਣੀ ਪਵੇਗੀ। ਹਰ ਗੱਲ ਨੂੰ ਦਿਲ-ਦਿਮਾਗ 'ਤੇ ਲਾ ਕੇ 'ਵਿਚਾਰੇ' ਬਣਨ ਦੀ ਪ੍ਰਵਿਰਤੀ ਹੀ ਸਾਡੀ ਤਰੱਕੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ।

ਅਖੀਰ ਵਿੱਚ, ਜ਼ਿੰਦਗੀ ਦਾ ਇੱਕ ਅਜਿਹਾ ਮਕਸਦ ਹੋਣਾ ਬਹੁਤ ਜ਼ਰੂਰੀ ਹੈ ਜੋ ਤੁਹਾਨੂੰ ਹਰ ਸਵੇਰ ਨਵੇਂ ਉਤਸ਼ਾਹ ਨਾਲ ਜਗਾਵੇ। ਜੋ ਵੀ ਕੰਮ ਅਸੀਂ ਕਰਦੇ ਹਾਂ, ਉਹ ਪੂਰੀ ਇਮਾਨਦਾਰੀ ਅਤੇ ਜਜ਼ਬੇ ਨਾਲ ਕਰੀਏ ਤਾਂ ਜੋ ਉਹ ਬੋਝ ਨਾ ਲੱਗੇ। ਸਾਨੂੰ ਉਸ ਬੱਚੇ ਵਾਂਗ ਹਮੇਸ਼ਾ ਸਿੱਖਣ ਦੀ ਅਵਸਥਾ ਵਿੱਚ ਰਹਿਣਾ ਚਾਹੀਦਾ ਹੈ ਜੋ ਨਾ ਰਿੜਨ ਵੇਲੇ ਸੰਤੁਸ਼ਟ ਹੋਇਆ ਅਤੇ ਨਾ ਹੀ ਤੁਰਨ ਵੇਲੇ; ਉਹ ਹਰ ਰੋਜ਼ ਡਿੱਗ ਕੇ ਵੀ ਅੱਗੇ ਵਧਦਾ ਰਿਹਾ। ਯਾਦ ਰੱਖੋ, ਇਹ ਦੁਨੀਆ ਸਾਡੇ ਤੋਂ ਪਹਿਲਾਂ ਵੀ ਚੱਲ ਰਹੀ ਸੀ ਅਤੇ ਸਾਡੇ ਤੋਂ ਬਾਅਦ ਵੀ ਚੱਲਦੀ ਰਹੇਗੀ। ਪਰ ਜਿੰਨਾ ਸਮਾਂ ਸਾਡੇ ਹਿੱਸੇ ਆਇਆ ਹੈ, ਉਸ ਨੂੰ ਫਾਲਤੂ ਦੀਆਂ ਗੱਲਾਂ ਵਿੱਚ ਗਵਾਉਣ ਦੀ ਬਜਾਏ, ਲਗਾਤਾਰ ਕੁਝ ਨਵਾਂ ਸਿੱਖਣ ਅਤੇ ਅੱਗੇ ਵਧਣ ਵਿੱਚ ਲਗਾਈਏ। ਕਿਉਂਕਿ ਰੁਕਿਆ ਹੋਇਆ ਪਾਣੀ ਅਕਸਰ ਗੰਧਲਾ ਹੋ ਜਾਂਦਾ ਹੈ, ਪਰ ਵਹਿੰਦਾ ਹੋਇਆ ਦਰਿਆ ਹਮੇਸ਼ਾ ਆਪਣੀ ਮੰਜ਼ਿਲ ਅਤੇ ਪਵਿੱਤਰਤਾ ਬਰਕਰਾਰ ਰੱਖਦਾ ਹੈ।

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ
ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਸਾਊਂਡ ਸਿਸਟਮ ਦੀ ਐਡਵੋਕੇਟ ਧਾਮੀ ਨੇ ਕੀਤੀ ਸ਼ੁਰੂਆਤ



**ਅੰਮ੍ਰਿਤਸਰ, 9 ਅਪ੍ਰੈਲ- |**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਦੇ ਸਾਊਂਡ ਸਿਸਟਮ ਦੀ ਅੱਜ ਅਰਦਾਸ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼ੁਰੂਆਤ ਕੀਤੀ ਗਈ। ਇਸ ਸਾਊਂਡ ਸਿਸਟਮ ਦੀ ਸੇਵਾ ਇੰਗਲੈਂਡ ਦੇ ਸ਼ਰਧਾਲੂ ਪਰਿਵਾਰਾਂ ਵੱਲੋਂ ਕੀਤੀ ਗਈ ਹੈ। ਇਸ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਮੇਂ-ਸਮੇਂ ਵੱਖ-ਵੱਖ ਸੇਵਾਵਾਂ ਕਰਵਾਈਆਂ ਜਾਂਦੀਆਂ ਹਨ। ਬੀਤੇ ਸਮੇਂ ਅੰਤ੍ਰਿੰਗ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਤਕਨੀਕ ਵਾਲਾ ਸਾਊਂਡ ਸਿਸਟਮ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ। ਇਸ ਕਾਰਜ ਦੀ ਸੇਵਾ ਇੰਗਲੈਂਡ ਨਿਵਾਸੀ ਸ. ਗੁਰਸੇਵਕ ਸਿੰਘ ਸ਼ੇਰਗਿੱਲ, ਸ. ਗੁਲਿੰਦਰ ਸਿੰਘ, ਸ. ਜਤਿੰਦਰ ਸਿੰਘ ਹੇਅਰ, ਸ. ਰਣਜੀਤ ਸਿੰਘ ਸੱਗੂ, ਸ. ਪ੍ਰਦੀਪ ਸਿੰਘ ਨਿੱਜਰ ਤੇ ਸ. ਗੁਰਪ੍ਰੀਤ ਸਿੰਘ ਸੰਧੂ ਦੇ ਪਰਿਵਾਰਾਂ ਵੱਲੋਂ ਕਰਵਾਈ ਗਈ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ. ਗੁਰਸੇਵਕ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਇੰਗਲੈਂਡ ਵਿਖੇ ਸਥਾਪਤ ਕੀਤੇ ਗਏ ਸਿੱਖ ਮਿਸ਼ਨ ਬਾਰੇ ਵੀ ਵਿਚਾਰਾਂ ਹੋਈਆਂ। ਸ਼੍ਰੋਮਣੀ ਕਮੇਟੀ ਵੱਲੋਂ ਇਸ ਕੇਂਦਰ ਰਾਹੀਂ ਇੰਗਲੈਂਡ ਦੀਆਂ ਸੰਗਤਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਸਮੇਂ ਸਹਿਯੋਗ ਕਰਨ ਦੇ ਨਾਲ-ਨਾਲ ਧਰਮ ਪ੍ਰਚਾਰ ਦੇ ਕਾਰਜ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਲਈ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਵੀ ਇੰਗਲੈਂਡ ਭੇਜੇ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਰਜਾਂ ਲਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਸਿੰਘ ਅਤੇ ਮੁੰਬਈ ਤੋਂ ਮੈਂਬਰ ਸ. ਗੁਰਿੰਦਰ ਸਿੰਘ ਬਾਵਾ ਦਾ ਵੀ ਸਹਿਯੋਗ ਰਿਹਾ ਹੈ।

ਇਸ ਮੌਕੇ ਇੰਗਲੈਂਡ ਤੋਂ ਪੁੱਜੇ ਸ. ਗੁਰਸੇਵਕ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਗੁਰੂ ਸਾਹਿਬ ਦੀ ਰਹਿਮਤ ਸਦਕਾ ਵੱਖ-ਵੱਖ ਪਰਿਵਾਰਾਂ ਦੇ ਸਹਿਯੋਗ ਨਾਲ ਇਹ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਸਹਿਯੋਗ ਕਰਨ ਵਾਲੇ ਪਰਿਵਾਰਾਂ ਦਾ ਧੰਨਵਾਦ ਕਰਦਿਆਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਉਹ ਗੁਰੂ ਘਰ ਦੀਆਂ ਸੇਵਾਵਾਂ ਇਸੇ ਤਰ੍ਹਾਂ ਕਰਨ ਦਾ ਬੱਲ ਬਖ਼ਸ਼ਣ। ਉਨ੍ਹਾਂ ਕਿਹਾ ਕਿ ਇਹ ਆਧੁਨਿਕ ਤਕਨੀਕ ਵਾਲਾ ਸਾਊਂਡ ਸਿਸਟਮ ਹੈ, ਜਿਸ ਦੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਵੱਖ-ਵੱਖ ਜਗ੍ਹਾਂ 'ਤੇ 130 ਸਪੀਕਰ ਲਗਾਏ ਗਏ ਹਨ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸੇਵਾ ਕਰਨ ਵਾਲੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਸ. ਗੁਰਿੰਦਰ ਸਿੰਘ ਦੇਵੀਦਾਸਪੁਰ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਸ. ਰਣਧੀਰ ਸਿੰਘ, ਬੀਬੀ ਪਰਮਜੀਤ ਸਿੰਘ, ਸ. ਹਰਮੀਤ ਸਿੰਘ ਸਲੂਜਾ ਅਤੇ ਹੋਰ ਮੌਜੂਦ ਸਨ।

# ਗੁਰਪ੍ਰੀਤ ਸਿੰਘ ਨਾਗੀ ਨੂੰ ਜੇਈ ਪਦ ਉਨਤ ਹੋਣ ਤੇ ਕੀਤਾ ਸਨਮਾਨਿਤ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 9 ਅਪ੍ਰੈਲ |**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਸਬ ਡਵੀਜ਼ਨ ਸਰਹਾਲੀ ਵਿਖੇ ਬਤੌਰ ਪਦ ਉਨਤ ਹੋਏ ਜੇਈ ਗੁਰਪ੍ਰੀਤ ਸਿੰਘ ਜੇਈ ਨੂੰ ਪਦ ਉਨਤ ਅਤੇ ਵਿਭਾਗ ਵਿੱਚ ਪ੍ਰਤੀ ਨਿਭਾਈਆ ਵਧੀਆ ਸੇਵਾਵਾਂ ਲਈ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਗਰ ਡੇਹਰਾ ਸਾਹਿਬ ਲੁਹਾਰ ਵਿਖੇ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਨਿਭਾਈਆਂ ਹੋਈਆਂ ਸੇਵਾਵਾਂ ਨੂੰ ਵੱਖ-ਵੱਖ ਆਗੂਆਂ ਨੇ ਯਾਦ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਹੀ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਸ੍ਰੀ ਮਾਨ ਸੰਤ ਬਾਬਾ ਲੱਖਾ ਸਿੰਘ ਜੀ ਕੋਟੇ ਵਾਲਿਆਂ ਦੇ ਮੁੱਖ ਜਥੇਦਾਰ ਬਾਬਾ ਕੁਲਵਿੰਦਰ ਸਿੰਘ ਸਿੰਘ , ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਿੰਦਰ ਸਿੰਘ ਟੋਨੀ, ਬਾਬਾ ਪਿਆਰਾ ਸਿੰਘ ਲੁਹਾਰ, ਬਾਬਾ ਮਹਿਤਾ ਕਾਲੂ ਸੇਵਾ ਸੁਸਾਇਟੀ ਦੇ ਮੈਂਬਰਜ ਹਰਜਿੰਦਰ ਸਿੰਘ ਰਾਏ ਲਾਈਨਮੈਨ ਆਦਿ ਹਾਜਰ ਸਨ।

# ਮੈਂ ਓਹ ਕਰ ਲਵਾਂਗਾ ਜੋ ਕਿ ਮੈਂ ਜਾਣਦਾ ਹਾਂ ਜਾਂ ਜੋ ਕਿ ਮੈਨੂੰ ਆਉਂਦਾ ਹੈ



"ਮੈਂ ਓਹ ਕਰ ਲਵਾਂਗਾ ਜੋ ਕਿ ਮੈਂ ਜਾਣਦਾ ਹਾਂ ਜਾਂ ਜੋ ਕਿ ਮੈਨੂੰ ਆਉਂਦਾ ਹੈ , ਪਰ ਮੈਂ ਓਹ ਸਿੱਖਣ ਦਾ ਜਰੂਰ ਯਤਨ ਕਰਾਂਗਾ ਜੋ ਕਿ ਮੈਨੂੰ ਨਹੀਂ ਆਉਂਦਾ ਹੈ"। ਜਿਹੜੇ ਲੋਕ ਇਹ ਮਾਨਸਿਕਤਾ ਰੱਖਦੇ ਹਨ ਓਹ ਜ਼ਿੰਦਗੀ ਵਿੱਚ ਜਰੂਰ ਅੱਗੇ ਵੱਧਦੇ ਹਨ।ਇੱਕ ਗੱਲ ਤਾਂ ਮੰਨਣੀ ਪਵੇਗੀ ਕਿ ਹਰ ਇਨਸਾਨ ਵਿੱਚ ਹਰ ਹੁਨਰ ਨਹੀਂ ਹੁੰਦਾ ,ਅਤੇ ਜਨਮ ਤੋਂ ਹੀ ਕੋਈ ਹੁਨਰ ਨੂੰ ਲੈਕੇ ਕੋਈ ਇਨਸਾਨ ਪੈਦਾ ਨਹੀਂ ਹੁੰਦਾ ,ਇਨਸਾਨ ਉਸ ਹੁਨਰ ਨੂੰ ਸਿੱਖਦਾ ਹੈ ਅਤੇ ਰੋਜ਼ਾਨਾ ਦੇ ਅਭਿਆਸ ਨਾਲ ਉਸਨੂੰ ਵਿਕਸਿਤ ਕਰਦਾ ਹੈ ਅਤੇ ਇੱਕ ਦਿਨ ਉਹ ਹੁਨਰ ਉਸਦੀ ਪਹਿਚਾਣ ਬਣ ਜਾਂਦਾ ਹੈ, ਪਰ ਇਨਸਾਨ ਦੇ ਅੰਦਰ ਸਿੱਖਣ ਦੀ ਦਿਲਚਸਪੀ ਹੋਣੀ ਲਾਜ਼ਮੀ ਹੈ I ਜਦੋਂ ਜਜ਼ਬਾ,ਦਿਲਚਸਪੀ ਅਤੇ ਲਗਨ ਇਨਸਾਨ ਦੇ ਅੰਦਰ ਹੁੰਦੀ ਹੈ ਤਾਂ ਉਹ ਬਹੁਤ ਛੇਤੀ ਨਾਲ ਸਿੱਖਦਾ ਹੈ ਕਿਸੇ ਨੂੰ ਧੱਕੇ ਨਾਲ ਕੁੱਝ ਵੀ ਸਿੱਖਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਜੇਕਰ ਉਸਦੇ ਅੰਦਰ ਦਿਲਚਸਪੀ ਨਹੀਂ ਹੈ ਤਾਂ ,ਕਲਾਸ ਵਿੱਚ ਬੱਚਿਆਂ ਨੂੰ ਅਧਿਆਪਕ ਇਕੱਠਿਆਂ ਨੂੰ ਪੜ੍ਹਾ ਰਿਹਾ ਹੁੰਦਾ ਹੈ ,ਦਿਲਚਸਪੀ ਨਾਲ ਸੁਣਨ ਵਾਲੇ ਬੱਚੇ ਅਧਿਆਪਕ ਦੀ ਪਹਿਲੀ ਵਾਰੀ ਸਮਝਾਈ ਗੱਲ ਨੂੰ ਝੱਟ ਸਮਝ ਜਾਂਦੇ ਹਨ ਕਿਉਂਕਿ ਉਹਨਾਂ ਅੰਦਰ ਸਿੱਖਣ ਦੀ ਦਿਲਚਸਪੀ ਹੁੰਦੀ ਹੈ ਉਹ ਅਧਿਆਪਕ ਦੀ ਕਿਸੇ ਵੀ ਗੱਲ ਨੂੰ ਅਣਗੌਲਿਆਂ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਕੋਈ ਵੀ ਪੁਆਇੰਟ ਛੁੱਟ ਹੋ ਗਿਆ ਤਾਂ ਬਾਅਦ ਵਿੱਚ ਸਮਝ ਨਹੀਂ ਆਉਣਾ,ਅਤੇ ਕੁੱਝ ਬੱਚੇ ਓਸੇ ਹੀ ਕਲਾਸ ਵਿੱਚ ਸਰੀਰਕ ਤੌਰ ਤੇ ਹਾਜ਼ਿਰ ਹੁੰਦੇ ਹੋਏ ਵੀ ਮਾਨਸਿਕ ਤੌਰ ਤੇ ਕਿਸੇ ਹੋਰ ਦੁਨੀਆ ਵਿੱਚ ਗੁਆਚੇ ਹੁੰਦੇ ਹਨ। ਕਈ ਵਾਰ ਮਾਪੇ ਜਦੋਂ ਕਾਰਨ ਪੁੱਛਦੇ ਹਨ ਕਿ ਸਾਡਾ ਬੱਚਾ ਕਿਉਂ ਪਿੱਛੇ ਹੈ ਤਾਂ ਮੈਂ ਤਾਂ ਕਾਰਨ ਇਹੋ ਦੱਸਦੀ ਹਾਂ ਕਿ ਅਧਿਆਪਕ ਤਾਂ ਸਾਰਿਆਂ ਨੂੰ ਇੱਕੋ ਜਿਹਾ ਹੀ ਪੜ੍ਹਾ ਰਿਹਾ ਹੁੰਦਾ ਹੈ ਬੱਚੇ ਤੇ ਵੀ ਕੁੱਝ ਚੀਜ਼ਾਂ ਨਿਰਭਰ ਕਰਦੀਆਂ ਹਨ ਕਿ ਉਹ ਕਿੰਨੀ ਦਿਲਚਸਪੀ ਨਾਲ ਸੁਣਦਾ ਹੈ। ਇਹ ਤਾਂ ਇੱਕ ਲੰਮਾਂ ਵਿਸ਼ਾ ਹੈ ਕਿ ਅਧਿਆਪਕ ਦਾ ਵੀ ਫਰਜ਼ ਹੈ ਵਿਸ਼ੇ ਨੂੰ ਦਿਲਚਸਪ ਬਣਾਉਣਾ ,ਸੁਖਾਵਾਂ ਮਾਹੌਲ ਸਿਰਜਣਾ ਪਰ ਸਭ ਤੋਂ ਜਰੂਰੀ ਸਿੱਖਣ ਵਾਲੇ ਵਿੱਚ ਜਜ਼ਬਾ ਹੋਣਾ ਜਰੂਰੀ ਹੈ। ਇਹ ਗੱਲ ਤਾਂ ਵਿਦਿਆਰਥੀਆਂ ਦੀ ਕਰ ਰਹੀ ਸੀ ਸਾਨੂੰ ਵੱਡਿਆਂ ਨੂੰ ਵੀ ਸਦਾ ਸਿੱਖਦੇ ਰਹਿਣ ਦੀ ਇਹ ਭਾਵਨਾ ਆਪਣੇ ਅੰਦਰ ਜਿਊਂਦੀ ਰੱਖਣ ਦੀ ਲੋੜ੍ਹ ਹੈ ਕੁੱਝ ਕਹਿਣਗੇ ਲੈ ਹੁਣ ਸਿੱਖ ਕੇ ਕੀ ਲੈਣਾ ਇਸ ਉੱਮਰ ਵਿੱਚ ਸਿੱਖ ਕੇ ਕੀ ਕਰਾਂਗੇ। ਹੁਨਰ ਕੋਈ ਵੀ ਹੋਵੇ ਸਿੱਖਦੇ ਰਹਿਣ ਨਾਲ ਸਾਡੇ ਅੰਦਰ ਬਹੁਤ ਕੁੱਝ ਬਦਲਦਾ ਹੈ ਸਾਨੂੰ ਕੁੱਝ ਨਵਾਂ ਨਵਾਂ ਜਿਹਾ ਮਹਿਸੂਸ ਹੁੰਦਾ ਹੈ,ਅਸੀਂ ਆਪਣੇ ਆਪ ਵਿੱਚ ਪ੍ਰਪੱਕ ਤੇ ਮਜ਼ਬੂਤ ਨਜ਼ਰ ਆਉਂਦੇ ਹਾਂ ,ਸਾਡਾ ਹੌਸਲਾ ਵੱਧਦਾ ਹੈ ਅਸੀਂ ਅੱਗੇ ਨਾਲੋਂ ਹੋਰ ਵੀ ਹੌਸਲੇ ਵਾਲੇ (confident) ਮਹਿਸੂਸ ਕਰਦੇ ਹਾਂ ਅਤੇ ਸਭ ਤੋਂ ਮਹੱਤਵਪੂਰਨ ਗੱਲ ਕਿ ਇੱਕ ਅਧਿਆਪਕ ਤਾਂ ਸਦਾ ਸਿਖਿਆਰਥੀ ਰਹਿੰਦਾ ਹੈ ਓਹ ਆਪ ਵੀ ਨਵੀਆਂ ਨਵੀਆਂ ਚੀਜ਼ਾਂ ਸਿੱਖਦਾ ਹੈ ਅਤੇ ਆਪਣੇ ਵਿਦਿਆਰਥੀਆਂ ਨੂੰ ਵੀ ਓਹਨਾਂ ਤੋਂ ਜਾਣੂ ਕਰਵਾਉਂਦਾ ਹੈ। ਇੱਕ ਅਧਿਆਪਕ ਕਦੀ ਵੀ ignorant ਨਹੀਂ ਹੋਣਾ ਚਾਹੀਦਾ ਅਧਿਆਪਕ ਦਾ ਆਪਣੇ ਆਪ ਨੂੰ ਸੁਧਾਰਨਾ ਜਾਂ ਆਧੁਨਿਕ ਕਰਦੇ ਰਹਿਣਾ (Update )ਰਹਿਣਾ ਬਹੁਤ ਜਰੂਰੀ ਹੈ ਸੋ ਜੋ ਆਉਂਦਾ ਹੈ ,ਓਹ ਤਾਂ ਤੁਸੀਂ ਕਰ ਹੀ ਲਓਗੇ ਮਗਰ ਜੋ ਨਹੀਂ ਆਉਂਦਾ ਉਸਨੂੰ ਮੰਨਣ ਵਿੱਚ ਕਦੀ ਸੰਗ ਮਹਿਸੂਸ ਨਹੀਂ ਕਰੋਗੇ ਸਿੱਖਣ ਲਈ ਤਤਪਰ ਰਹੋਗੇ ਇਹ ਇੱਕ ਅਧਿਆਪਕ ਵਿੱਚ ਗੁਣ ਹੋਣੇ ਲਾਜ਼ਮੀਂ ਹਨ । ਇੱਕ ਇੰਗਲਿਸ਼ ਦੀ ਕਹਾਵਤ ਹੈ,"Once a teacher forever a student". ਇਸਦਾ ਮਤਲਬ ਹੈ ,"ਇੱਕ ਵਾਰ ਅਧਿਆਪਕ, ਹਮੇਸ਼ਾ ਲਈ ਵਿਦਿਆਰਥੀ।"

✍️ ਹਰਵਿੰਦਰ ਕੌਰ ਕਾਹਲੋਂ

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾਂ ਤੁਰੰਤ ਖੋਲ੍ਹਣ ਸਰਕਾਰਾਂ- ਐਡਵੋਕੇਟ ਧਾਮੀ



**ਅੰਮ੍ਰਿਤਸਰ, 9 ਅਪ੍ਰੈਲ- |**

ਖ਼ਾਲਸਾ ਸਾਜਣਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਨੂੰ ਜਾਣ ਵਾਲੇ ਸ਼ਰਧਾਲੂਆਂ ਨੂੰ ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਵੀਜ਼ਾ ਲੱਗੇ ਪਾਸਪੋਰਟ ਸੌਂਪੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਮੌਜੂਦ ਸਨ। ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਇਤਿਹਾਸਕ ਦਿਹਾੜਿਆਂ 'ਤੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਂਦਾ ਹੈ। ਇਸ ਵਾਰ ਖ਼ਾਲਸਾ ਸਾਜਣਾ ਦਿਵਸ ਵਿਸਾਖੀ ਦੇ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਇਹ ਜਥਾ ਭਲਕੇ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੋਂ ਸਵੇਰੇ 8:00 ਵਜੇ ਰਵਾਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਵਾਰ 1795 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ੇ ਲਈ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 1763 ਸ਼ਰਧਾਲੂਆਂ ਨੂੰ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੇ ਵੀਜ਼ੇ ਜਾਰੀ ਕੀਤੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪਾਕਿਸਤਾਨ ਅਤੇ ਭਾਰਤ ਸਰਕਾਰ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾਂ ਵੀ ਮੁੜ ਖੋਲ੍ਹਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਸ਼ਰਧਾਲੂਆਂ ਦੀ ਆਪਣੇ ਗੁਰਧਾਮਾਂ ਦੇ ਦਰਸ਼ਨਾਂ ਪ੍ਰਤੀ ਵੱਡੀ ਸ਼ਰਧਾ ਹੈ ਅਤੇ ਸਰਕਾਰਾਂ ਨੂੰ ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਨੂੰ ਤੁਰੰਤ ਮੁੜ ਖੋਲ੍ਹਿਆ ਜਾਵੇ। ਐਡਵੋਕੇਟ ਧਾਮੀ ਨੇ ਇਹ ਵੀ ਮੰਗ ਕੀਤੀ ਕਿ ਪਾਸਪੋਰਟ ਦੀ ਸ਼ਰਤ ਨੂੰ ਖ਼ਤਮ ਕੀਤਾ ਜਾਵੇ ਅਤੇ ਪਾਕਿਸਤਾਨ ਸਰਕਾਰ ਵੱਲੋਂ 20 ਡਾਲਰ ਫੀਸ ਵੀ ਸਮਾਪਤ ਕੀਤੀ ਜਾਵੇ।

ਇਸੇ ਦੌਰਾਨ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਜਿਹੜੇ ਸ਼ਰਧਾਲੂ ਅੱਜ ਪਾਸਪੋਰਟ ਲੈਣ ਨਹੀਂ ਪੁੱਜ ਸਕੇ, ਉਹ ਜਥੇ ਦੀ ਰਵਾਨਗੀ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਆਪਣੇ ਪਾਸਪੋਰਟ ਪ੍ਰਾਪਤ ਕਰਨ। ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਯਾਤਰਾ ਵਿਭਾਗ ਦੇ ਇੰਚਾਰਜ ਸ. ਜਗਜੀਤ ਸਿੰਘ ਆਦਿ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਮੋਡਰਨ ਐਗਰੀ ਸੀਡਸ ਪ੍ਰਾਈਵੇਟ ਲਿਮਿਟਿਡ ਵੱਲੋਂ ਡੀਲਰ ਮੀਟਿੰਗ ਦਾ ਆਯੋਜਨ; ਝੋਨੇ ਦੀ ਕਿਸਮ '808' ਖਿੱਚ ਦਾ ਕੇਂਦਰ



ਚੋਹਲਾ ਸਾਹਿਬ 9 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।

ਡੇਰਾ ਬਾਬਾ ਨਾਨਕ ਪਿੰਡ ਖੋਦੇ ਬੇਟ ਵਿਖੇ ਮੋਡਰਨ ਐਗਰੀ ਸੀਡਸ ਪ੍ਰਾਈਵੇਟ ਲਿਮਿਟਿਡ** ਵੱਲੋਂ ਅੱਜ ਇੱਕ ਵਿਸ਼ੇਸ਼ ਡੀਲਰ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਦੇ ਬੀਜ ਵਿਕਰੇਤਾਵਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕੰਪਨੀ ਦੇ ਮੁੱਖੀ *ਲੱਕੀ ਢਿੱਲੋਂ* ਨੇ ਡੀਲਰਾਂ ਨੂੰ ਸੰਬੋਧਨ ਕਰਦਿਆਂ ਖੇਤੀਬਾੜੀ ਦੇ ਖੇਤਰ ਵਿੱਚ ਆ ਰਹੀਆਂ ਨਵੀਆਂ ਤਕਨੀਕਾਂ ਅਤੇ ਉੱਨਤ ਬੀਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।### *ਝੋਨੇ ਦੀ ਕਿਸਮ '808' ਦੀਆਂ ਵਿਸ਼ੇਸ਼ਤਾਵਾਂ* ਮੀਟਿੰਗ ਦੌਰਾਨ ਲੱਕੀ ਢਿੱਲੋਂ ਨੇ ਝੋਨੇ ਦੀ ਨਵੀਂ ਕਿਸਮ *808* ਨੂੰ ਕਿਸਾਨਾਂ ਲਈ ਬੇਹੱਦ ਲਾਹੇਵੰਦ ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ * *ਬੰਪਰ ਝਾੜ:* ਇਸ ਕਿਸਮ ਦਾ ਝਾੜ *37 ਤੋਂ 40 ਕੁਇੰਟਲ ਪ੍ਰਤੀ ਏਕੜ* ਤੱਕ ਨਿਕਲਦਾ ਹੈ। * *ਸ਼ੁੱਧਤਾ:* ਇਸ ਬੀਜ ਵਿੱਚ 'ਬੌਣੇ ਬੂਟੇ' (Pygmy plants) ਦੀ ਸਮੱਸਿਆ ਬਿਲਕੁਲ ਨਹੀਂ ਆਉਂਦੀ, ਜਿਸ ਨਾਲ ਫ਼ਸਲ ਇੱਕਸਾਰ ਰਹਿੰਦੀ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕੰਪਨੀ ਜੋ ਵਾਅਦਾ ਕਰੇਗੀ, ਉਹੀ ਗੁਣਵੱਤਾ ਕਿਸਾਨਾਂ ਤੱਕ ਪਹੁੰਚਾਈ ਜਾਵੇਗੀ। ਇਸ ਮੌਕੇ ਮੀਟਿੰਗ ਦੇ ਦੌਰਾਨ ਡੀਲਰਾਂ ਨੂੰ ਕੰਪਨੀ ਦੇ ਪਲਾਂਟ ਦਾ ਦੌਰਾ ਵੀ ਕਰਵਾਇਆ ਗਿਆ। ਉੱਥੇ ਲੱਗੀ *ਆਧੁਨਿਕ ਮਸ਼ੀਨਰੀ* ਅਤੇ ਬੀਜਾਂ ਦੀ ਸੋਧ ਦੀ ਪ੍ਰਕਿਰਿਆ ਨੂੰ ਲਾਈਵ ਦਿਖਾਇਆ ਗਿਆ। ਡੀਲਰਾਂ ਨੇ ਕੰਪਨੀ ਦੇ ਇਸ ਪਾਰਦਰਸ਼ੀ ਤਰੀਕੇ ਅਤੇ ਉੱਚ-ਪੱਧਰੀ ਮਸ਼ੀਨਰੀ ਦੀ ਭਰਪੂਰ ਸ਼ਲਾਘਾ ਕੀਤੀ। ਇਸ ਉਪਰੰਤ ਲੱਕੀ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲ ਕਰਦੇ ਕਿਹਾ ਕਿ ਸਾਡਾ ਮੁੱਖ ਮਕਸਦ ਕਿਸਾਨਾਂ ਨੂੰ ਸਹੀ ਮਾਤਰਾ ਅਤੇ ਉੱਚ ਗੁਣਵੱਤਾ ਵਾਲਾ ਬੀਜ ਮੁਹੱਈਆ ਕਰਵਾਉਣਾ ਹੈ। ਅਸੀਂ ਜੋ ਕਹਾਂਗੇ, ਉਹੀ ਵੇਚਾਂਗੇ ਤਾਂ ਜੋ ਕਿਸਾਨਾਂ ਦਾ ਵਿਸ਼ਵਾਸ ਕੰਪਨੀ 'ਤੇ ਹਮੇਸ਼ਾ ਬਣਿਆ ਰਹੇ।"ਇਸ ਮੌਕੇ ਡੀਲਰਾਂ ਨੇ ਵੀ ਕੰਪਨੀ ਦੇ ਉਤਪਾਦਾਂ 'ਤੇ ਭਰੋਸਾ ਜਤਾਇਆ ਅਤੇ ਕਿਸਾਨਾਂ ਤੱਕ ਵਧੀਆ ਬੀਜ ਪਹੁੰਚਾਉਣ ਦਾ ਅਹਿਦ ਲਿਆ।ਇਸ ਮੀਟਿੰਗ ਵਿੱਚ ਪਹੁੰਚੇ ਤਰਨਤਾਰਨ ਜਿਲ੍ਹੇ ਦੇ ਸੀਨੀਅਰ ਡਿਸਟੀਬ੍ਯੂਟਰ ਬਲਜਿੰਦਰ ਸਿੰਘ ਮੈਣੀ ਨੌਸ਼ਹਿਰਾ ਪਨੂੰਆ ,ਵਾਲੀਆ ਖਾਦ ਸਟੋਰ ਕਾਦੀਆਂ ,ਅਦੇਸ਼ਬੀਰ ਖਾਦ ਸਟੋਰ ਪੱਟੀ, ਜਗਦੀਸ ਖਾਦ ਸਟੋਰ ਜੰਡਿਆਲਾ ਗੁਰੂ ,ਗਿੱਲ ਖਾਦ ਸਟੋਰ ਸੰਗਵਾਂ ,ਪੱਖੋਪੁਰ ਖਾਦ ਸਟੋਰ, ਢਿੱਲੋਂ ਖਾਦ ਸਟੋਰ ਰਾਜਬੀਰ ਖਾਦ ਸਟੋਰ ਸਰਹਾਲੀ ਸਰਹਾਲੀ ,ਅਨਮੋਲ ਖਾਦ ਸਟੋਰ ਨਰੰਗਾਬਾਦ, ਚੋਪੜਾ ਖੇਤੀ ਸਟੋਰ ਫਤਿਹਾਬਾਦ,ਢਿੱਲੋਂ ਬਰਦਰਜ ਚੋਹਲਾ ਸਾਹਿਬ ,ਦਸ਼ਮੇਸ਼ ਖਾਦ ਸਟੋਰ ਹਰੀਕੇ, ਹਿੰਦੁਸਤਾਨ ਸ਼ੀਡ ਸਟੋਰ ਸ਼ਾਹਕੋਟ ਅਤੇ ਇਸਤੋਂ ਇਲਾਵਾ ਹੋਰ ਸੈਂਕੜੇ ਡੀਲਰਾਂ ਨੇ ਹਿੱਸਾ ਲਿਆ।

# ਅਧਿਆਪਕਾਂ ਦੀਆਂ ਗੈਰ ਵਿੱਦਿਅਕ ਡਿਊਟੀਆਂ ਕਾਰਨ ਹਜ਼ਾਰਾਂ ਅਧਿਆਪਕ ਬਾਹਰ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 8 ਅਪਰੈਲ ।

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਜਿੰਦਰ ਪਾਇਲਟ, ਪ੍ਰੈਸ ਸਕੱਤਰ ਗੁਰਪ੍ਰੀਤ ਮਾੜੀਮੇਘਾ, ਸੂਬਾ ਸਲਾਹਕਾਰ ਪ੍ਰੇਮ ਚਾਵਲਾ, ਬਲਕਾਰ ਸਿੰਘ ਵਲਟੋਹਾ, ਕਾਰਜ ਸਿੰਘ ਕੈਰੋਂ, ਸਕੱਤਰ ਅੰਮ੍ਰਿਤਪਾਲ ਬਾਕੀਪੁਰ, ਜ਼ਿਲ੍ਹਾ ਪ੍ਰਧਾਨ ਬਲਜੀਤ ਟੌਮ, ਜਨ. ਸਕੱਤਰ ਨਰਿੰਦਰ ਨੂਰ ਵੱਲੋਂ ਸਾਂਝਾ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਦੀਆਂ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗੈਰ ਵਿੱਦਿਅਕ ਡਿਊਟੀਆਂ ਜਿਵੇਂ ਬੀਐਲਓ ਡਿਊਟੀਆਂ, ਮਰਦਮ ਸ਼ੁਮਾਰੀ, 10 ਲੱਖ ਤੱਕ ਰਾਜ ਦੇ ਮੁਫ਼ਤ ਸਿਹਤ ਕਾਰਡ ਬਣਾਉਣਾ, ਵੋਟਰਾਂ ਦੀ ਸਪੈਸ਼ਲ ਸੁਧਾਈ (ਐਸਆਈਆਰ) ਆਦਿ ਕੰਮਾਂ ਵਿਚ ਸੂਬੇ ਦੇ ਹਜ਼ਾਰਾਂ ਅਧਿਆਪਕਾਂ ਨੂੰ ਲਗਾਇਆ ਗਿਆ ਹੈ। ਜਿਸ ਨਾਲ ਸ. ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਪੰਜਾਬ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੀ ਲਹਿਰ ਲੀਰੋ ਲੀਰ ਹੁੰਦੀ ਜਾਪਦੀ ਨਜ਼ਰ ਆ ਰਹੀ ਹੈ। ਆਗੂਆਂ ਵੱਲੋਂ ਦੱਸਿਆ ਗਿਆ ਕਿ ਇਸ ਸਮੇਂ ਸਰਕਾਰੀ ਸਕੂਲਾਂ ਦੇ ਅਧਿਆਪਕ ਅੱਠਵੀਂ, ਦਸਵੀਂ ,ਬਾਰਵੀਂ ਦੀ ਬੋਰਡ ਪ੍ਰੀਖਿਆਵਾਂ ਦੀ ਮਾਰਕਿੰਗ ਦਾ ਕੰਮ ਵੀ ਕਰ ਰਿਹਾ ਹੈ ਤੇ ਨਵਾਂ ਵਿਦਿਅਕ ਸੈਸ਼ਨ ਵੀ ਸ਼ੁਰੂ ਹੋ ਗਿਆ ਹੈ । ਪਰ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਗੈਰ ਵਿਦਿਅਕ ਕੰਮਾਂ ਵਿੱਚ ਉਲਝਾ ਕੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਮਿਆਰੀ ਅਤੇ ਗੁਣਾਤਮਕ ਸਿੱਖਿਆ ਨੂੰ ਭਾਰੀ ਠੇਸ ਪਹੁੰਚਾਈ ਜਾ ਰਹੀ ਹੈ। ਅਧਿਆਪਕਾਂ ਵੱਲੋਂ ਤਾਂ ਵੱਖ-ਵੱਖ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਪਹਿਲਾਂ ਦੀ ਤਰ੍ਹਾਂ ਹੁਣ ਵੀ ਕਰ ਲਏ ਜਾਣਗੇ ਪ੍ਰੰਤੂ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਖਰਾਬ ਹੋਣ ਵਾਲੀ ਸਿੱਖਿਆ ਲਈ ਜਿੰਮੇਵਾਰ ਪੰਜਾਬ ਸਰਕਾਰ ਹੋਵੇਗੀ। ਆਗੂਆਂ ਵੱਲੋਂ ਕਿਹਾ ਗਿਆ ਕਿ ਸਕੂਲਾਂ ਵਿੱਚ ਪੜ੍ਹਾ ਰਹੇ ਅਧਿਆਪਕਾਂ ਨੂੰ ਵਿਭਾਗ ਵੱਲੋਂ ਬੱਚਿਆਂ ਨੂੰ ਪੜ੍ਹਾਉਣ ਲਈ ਨਿਯੁਕਤ ਕੀਤਾ ਗਿਆ ਹੈ ਪਰ ਸਰਕਾਰਾਂ ਵੱਲੋਂ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ ਵਿੱਚ ਉਲਝਾ ਦਿੱਤਾ ਜਾਂਦਾ ਹੈ ਜੋ ਕਿ ਸਰਾਸਰ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਹੈ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਅਧਿਆਪਕਾਂ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਗੈਰ ਵਿੱਦਿਅਕ ਡਿਊਟੀਆਂ ਤੁਰੰਤ ਕੱਟੀਆਂ ਜਾਣ ਤੇ ਇਹਨਾਂ ਡਿਊਟੀਆਂ ਨੂੰ ਕਰਨ ਲਈ ਪੰਜਾਬ ਦੇ ਹਜ਼ਾਰਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਨਿਯੁਕਤ ਕੀਤਾ ਜਾਵੇ । ਜਿਸ ਨਾਲ ਜਿੱਥੇ ਇੱਕ ਪਾਸੇ ਨਵੇਂ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ ਉੱਥੇ ਨਾਲ ਦੀ ਨਾਲ ਅਧਿਆਪਕ ਸਕੂਲਾਂ ਵਿੱਚ ਰਹਿ ਕੇ ਬੱਚਿਆਂ ਨੂੰ ਪੜ੍ਹਾਉਣਗੇ । ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਦਾਖਲੇ ਅਤੇ ਬੱਚਿਆਂ ਦੀ ਗੁਣਾਤਮਕ ਸਿੱਖਿਆ ਦਾ ਸੁਧਾਰ ਹੋਵੇਗਾ। ਕੰਵਲਦੀਪ ਸਿੰਘ ਝਾਮਕਾ, ਗੁਲਬਾਗ ਸਿੰਘ ਕੁਹਾੜਕਾ, ਰਜਿੰਦਰ ਸਿੰਘ, ਧਰਮਿੰਦਰ ਸਿੰਘ, ਹਰਿੰਦਰਪਾਲ ਸਿੰਘ, ਸਤਨਾਮ ਸਿੰਘ ਪੱਟੀ, ਮਨਜੀਤ ਸਿੰਘ ਬੱਲ, ਪ੍ਰਿਤਪਾਲ ਸਿੰਘ ਝਬਾਲ, ਹਰਮਿੰਦਰ ਸਿੰਘ, ਰਣਜੀਤ ਸਿੰਘ ਮਾਣੋਚਾਹਲ, ਅਵਤਾਰ ਸਿੰਘ ਤਰਨ ਤਾਰਨ, ਜਸਪ੍ਰੀਤ ਸਿੰਘ ਪੱਟੀ ਆਦਿ ਹਾਜ਼ਰ ਸਨ।

# ਵੱਖ-ਵੱਖ ਆਗੂਆਂ ਨੇ ਯਾਦਾਂ ਕੀਤੀਆਂ ਸਾਂਝੀਆਂ, ਵਿਸ਼ੇਸ਼ ਤੌਰ ਤੇ ਸਨਮਾਨਿਤ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ 8 ਅਪਰੈਲ ।

ਪਾਵਰਕਾਮ ਵਿੱਚ 40 ਸਾਲ ਦੀ ਬੇਦਾਗ਼ ਸੇਵਾ ਕਰਨ ਉਪਰੰਤ ਸੇਵਾ ਮੁਕਤ ਹੋਏ ਲਾਈਨਮੈਨ ਮਨਜੀਤ ਸਿੰਘ ਖੇਲਾ ਨੂੰ ਸਨਮਾਨਤ ਕਰਨ ਲਈ ਉਪ ਮੰਡਲ ਅਫਸਰ ਇੰਜ : ਕੁਲਵਿੰਦਰ ਸਿੰਘ ਬਾਗੜੀਆਂ ਦੀ ਅਗਵਾਈ ਹੇਠ ਸਮੂਹ ਸਟਾਫ ਨੇ ਸ਼ਾਨਦਾਰ ਸਮਾਗਮ ਕਰਕੇ ਅਦਾਰੇ ਵਿੱਚ ਪੂਰੀ ਲਗਨ ਅਤੇ ਨੇਕਨੀਤੀ ਨਾਲ ਕੀਤੀ ਬੇਦਾਗ਼ ਸੇਵਾ ਬਦਲੇ ਯਾਦਗਾਰੀ ਤੋਹਫ਼ੇ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਤੇ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ,ਸਰਕਲ ਪ੍ਰਧਾਨ ਅਤੇ ਜੋਨ ਕਨਵੀਨਰ ਕੁਲਵਿੰਦਰ ਸਿੰਘ ਬਾਗੜੀਆਂ , ਸਕੱਤਰ ਪੂਰਨ ਦਾਸ , ਖਜ਼ਾਨਚੀ ਲਖਵਿੰਦਰ ਸਿੰਘ ਬਹਿਲਾ, ਜੋਨ ਕੋ - ਕਨਵੀਨਰ ਮੇਜਰ ਸਿੰਘ ਨਾਗੋਕੇ, ਡਵੀਜਨ ਪ੍ਰਧਾਨ ਤਰਜੀਤ ਸਿੰਘ ਨਾਗੋਕੇ, ਖਜ਼ਾਨਚੀ ਬਚਿੱਤਰ ਸਿੰਘ ਖੇਲਾ, ਸਬ ਡਵੀਜ਼ਨ ਪ੍ਰਧਾਨ ਮਨਜਿੰਦਰ ਸਿੰਘ ਵੈਰੋਵਾਲ ਸਕੱਤਰ ਸਵਿੰਦਰ ਸਿੰਘ ਵੈਰੋਵਾਲ ,ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਸਰਕਲ ਆਗੂ ਅਵਤਾਰ ਕ੍ਰਿਸ਼ਨ ਸਮੇਤ ਭਰਾਤਰੀ ਜਥੇਬੰਦੀ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਦੇ ਆਗੂ ਸੁਰਜੀਤ ਸਿੰਘ ਨਾਗੋਕੇ ਆਦਿ ਨੇ ਮਨਜੀਤ ਸਿੰਘ ਖੇਲਾ ਵੱਲੋਂ ਇਮਾਨਦਾਰ ਰਹਿ ਕੇ ਕੀਤੀ ਡਿਊਟੀ ਲਈ ਅਤੇ ਫੈਡਰੇਸ਼ਨ ਏਟਕ ਜਥੇਬੰਦੀ ਦੇ ਝੰਡੇ ਹੇਠ ਮੁਲਾਜ਼ਮ ਹਿੱਤਾਂ ਅਤੇ ਅਦਾਰੇ ਦੀ ਹੋਂਦ ਬਚਾਉਣ ਲਈ ਲੜੇ ਸੰਘਰਸ਼ਾਂ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਜੋਰਦਾਰ ਪ੍ਰਸ਼ੰਸਾਂ ਕੀਤੀ। ਇਸ ਮੌਕੇ ਤੇ ਮਨਜੀਤ ਸਿੰਘ ਖੇਲਾ ਅਤੇ ਉਹਨਾਂ ਦੀ ਪਤਨੀ ਨੂੰ ਜਥੇਬੰਦੀਆਂ ਦੀ ਤਰਫ਼ੋ ਸਨਮਾਨ ਚਿੰਨ੍ਹ ਸੀਲਡਾਂ , ਦਸਤਾਰ ਤੇ ਦੁਸ਼ਾਲਾ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਇਸ ਸਨਮਾਨ ਸਮਾਰੋਹ ਸਮਾਗਮ ਮੌਕੇ ਸੂਬਾ ਪ੍ਰਧਾਨ ਗੰਡੀਵਿੰਡ ਨੇ ਹਾਜ਼ਰੀਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 10 ਅਪਰੈਲ ਦੇ ਮੁੱਖ ਦਫਤਰ ਪਟਿਆਲਾ ਸਾਹਮਣੇ ਮੰਗਾਂ ਦੀ ਪ੍ਰਾਪਤੀ ਲਈ ਦਿੱਤੇ ਜਾ ਰਹੇ ਰੋਸ ਧਰਨੇ ਨੂੰ ਕਾਮਯਾਬ ਕਰਨ ਵਾਸਤੇ ਵੱਡੀ ਗਿਣਤੀ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ। ਇਸ ਸਮਾਗਮ ਵਿੱਚ ਮਨਜੀਤ ਸਿੰਘ ਖੇਲਾ ਦੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ ਉਹਨਾਂ ਦੀ ਬੇਟੀ ਐਡਵੋਕੇਟ ਅੰਮ੍ਰਿਤਪਾਲ ਕੌਰ , ਐਡਵੋਕੇਟ ਹਰਪ੍ਰੀਤ ਸਿੰਘ ਸੰਧਾਵਾਲੀਆ ,ਵੀਰ ਸਿੰਘ ਜੱਬੋਵਾਲ , ਮੇਜਰ ਸਿੰਘ ਜਾਣੀਆਂ, ਜਸਵਿੰਦਰ ਸਿੰਘ ਪ੍ਰਿੰਗੜੀ , ਸੰਗਾਰਾ ਸਿੰਘ ਰਾਮਪੁਰੀਆ , ਬਲਦੇਵ ਸਿੰਘ ਸਰਹਾਲੀ ,ਜੰਗ ਸਿੰਘ ,ਗੁਰਪਾਲ ਸਿੰਘ , ਦਲਜੀਤ ਸਿੰਘ ਜੇ ਈ , ਪ੍ਰਤਾਪ ਸਿੰਘ ਜੇ ਈ ਤੋਂ ਇਲਾਵਾ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

# ਐਸ.ਸੀ ਭਾਈਚਾਰੇ ਦੀ ਭਲਾਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸਰਕਾਰ ਦੀ ਮੁੱਖ ਤਰਜੀਹ - ਵਿਧਾਇਕ ਲਾਲਪੁਰਾ



ਚੋਹਲਾ ਸਾਹਿਬ 9 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਐਸ.ਸੀ ਭਾਈਚਾਰੇ ਦੀ ਭਲਾਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸਰਕਾਰ ਦੀ ਮੁੱਖ ਤਰਜੀਹ ਹੈ। ਇਹ ਪ੍ਰਗਟਾਵਾ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਅੱਜ ਐਸ.ਸੀ ਬਲਾਕ ਪ੍ਰਧਾਨਾਂ ਨਾਲ ਕੀਤੀ ਇਕ ਮਹੱਤਵਪੂਰਨ ਮੀਟਿੰਗ ਦੌਰਾਨ ਕੀਤਾ। ਇਸ ਮੀਟਿੰਗ ਦੌਰਾਨ ਹਲਕੇ ਦੇ ਵਿਕਾਸ ਕਾਰਜਾਂ, ਸੰਗਠਨ ਨੂੰ ਹੋਰ ਮਜ਼ਬੂਤ ਕਰਨ ਅਤੇ ਆਮ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰੇਕ ਬਲਾਕ ਪ੍ਰਧਾਨ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਲੋਕਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਸਰਕਾਰ ਤੱਕ ਪਹੁੰਚਾਵੇ ਅਤੇ ਉਨ੍ਹਾਂ ਦੇ ਹੱਲ ਲਈ ਯਤਨਸ਼ੀਲ ਰਹੇ।ਮੀਟਿੰਗ ਦੌਰਾਨ ਪ੍ਰਧਾਨਾਂ ਵੱਲੋਂ ਆਪਣੇ-ਆਪਣੇ ਇਲਾਕਿਆਂ ਦੀਆਂ ਸਮੱਸਿਆਵਾਂ ਅਤੇ ਸੁਝਾਅ ਵੀ ਸਾਂਝੇ ਕੀਤੇ ਗਏ, ਜਿਨ੍ਹਾਂ ਨੂੰ ਵਿਧਾਇਕ ਲਾਲਪੁਰਾ ਨੇ ਧਿਆਨ ਨਾਲ ਸੁਣਦਿਆਂ ਉਨ੍ਹਾਂ ਦੇ ਹੱਲ ਲਈ ਭਰੋਸਾ ਦਿਵਾਇਆ।ਅੰਤ ਵਿੱਚ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹਲਕਾ ਖਡੂਰ ਸਾਹਿਬ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਜਾਵੇਗਾ। ਇਸ ਸਮੇਂ ਉਨ੍ਹਾਂ ਦੇ ਨਾਲ ਨਿਰਮਲ ਸਿੰਘ ਸਰਪੰਚ ਕੁਹਾੜਕਾ ਹਲਕਾ ਕੁਆਰਡੀਨੇਟਰ ਖਡੂਰ ਸਾਹਿਬ, ਚੇਅਰਮੈਨ ਹਰਜੀਤ ਸਿੰਘ ਸੰਧੂ, ਚੇਅਰਮੈਨ ਟਰੇਡ ਵਿੰਗ ਗੌਰਵ ਰਾਮਪਾਲ, ਰਜਿੰਦਰ ਸਿੰਘ ਪੰਨੂ ਹਲਕਾ ਸੰਗਠਨ ਇੰਚਾਰਜ ਖਡੂਰ ਸਾਹਿਬ ਆਦਿ ਹਾਜ਼ਰ ਸਨ।

# ਜ਼ਿਲ੍ਹਾ ਤਰਨ ਤਾਰਨ ਦੀਆਂ ਅਦਾਲਤਾਂ 'ਚ 9 ਮਈ ਨੂੰ ਲੱਗੇਗੀ ਰਾਸ਼ਟਰੀ ਲੋਕ ਅਦਾਲਤ - ਜ਼ਿਲ੍ਹਾ ਤੇ ਸੈਸ਼ਨ ਜੱਜ



ਚੋਹਲਾ ਸਾਹਿਬ 9 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ ਨਗਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿਚ ਇਸ ਸਾਲ ਦੀ ਦੂਜੀ ਕੌਮੀ ਲੋਕ ਅਦਾਲਤ 9 ਮਈ, 2026 ਨੂੰ ਲਗਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿਚ 138 ਐੱਨ.ਆਈ.ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ।ਉਨਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫ਼ੈਸਲਾ ਅੰਤਿਮ ਹੁੰਦਾ ਹੈ।ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿਚ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਉਨ੍ਹਾਂ ਦੱਸਿਆ ਕਿ ਜੇਕਰ ਲੋਕ ਅਦਾਲਤ ਵਿਚ ਕੇਸ ਦਾ ਫ਼ੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿਚ ਲੱਗੀ ਕੋਰਟ ਫੀਸ ਵੀ ਵਾਪਸ ਹੋ ਜਾਂਦੀ ਹੈ।

